# ਜੈਨ ਤੀਰਥੰਕਰ

## ਤੀਰਥੰਕਰ ਪ੍ਰੰਪਰਾ :-

ਲੇਖਕ । ਰਵਿੰਦਰ ਜੈਨ, ਪਰਸ਼ੋਤਮ ਜੈਨ

ਜੈਨ ਧਰਮ ਦਾ ਇਤਿਹਾਸ ਉੱਨਾ ਹੀ ਪੁਰਾਣਾ ਹੈ ਜਿੰਨਾ ਕਿ ਆਤਮਾ ਦਾ ਇਤਿਹਾਸ। ਜਿਵੇਂ ਆਤਮਾ ਅਨਾਦਿ ਹੈ ਇਸ ਪ੍ਰਕਾਰ ਜੈਨ ਧਰਮ ਪ੍ਰੰਪਰਾ ਅਨਾਦਿ ਹੈ ਜੈਨ ਪ੍ਰੰਪਰਾ ਅਨੁਸਾਰ ਸਮੁੱਚਾ ਜੀਵ ਚਾਰ ਗਤੀਆਂ ਵਿਚ ਘੁੰਮਦਾ ਰਹਿੰਦਾ ਹੈ ਉਹ ਗਤੀਆਂ ਹਨ। 1) ਮਨੁੱਖ 2) ਦੇਵਤਾ 3) ਪਸ਼ੂ) ਨਾਰਕੀ। ਸੰਸਾਰ ਅਨਾਦਿ ਹੈ ਅਨੰਤ ਹੈ ਪਰ ਦਰਵੱ ਪਖੋਂ ਪਰਿਵਰਤਨਸ਼ੀਲ ਵੀ ਹੈ ਜੰਬੂਦੀਪ ਵਿਚ ਭਰਤ ਖੰਡ ਨਾਂ ਦਾ ਦੇਸ਼ ਹੈ । ਜਿਥੇ 24 ਤੀਰਥੰਕਰ ਸਮੇਂ ਸਮੇਂ ਜਨਮ ਲੈਂਦੇ ਹਨ ਅਤੇ ਲੋਕਾਂ ਨੂੰ ਅਹਿੰਸਾ, ਸੰਜਮ ਤਪ ਤੇ ਅਨੇਕਾਂਤਵਾਦ ਦਾ ਰਾਹ ਵਿਖਾਉਂਦੇ ਰਹਿੰਦੇ ਹਨ। ਤੀਰਥੰਕਰ ਜੈਨ ਪਰੰਪਰਾ ਅਨੁਸਾਰ ਆਤਮਾ ਦੀ ਸਰਵਉੱਚ ਸਥਿਤੀ ਦਾ ਨਾਂ ਹੈ। ਤੀਰਥੰਕਰ ਕੋਈ ਅਵਤਾਰ ਨਹੀਂ ਹੁੰਦੇ ਹਨ ਪਰ ਆਤਮਾ ਦੇ ਵਿਕਾਸ ਦੀ ਇਸ ਤੋਂ ਅਗੇ ਕੋਈ ਹੱਦ ਨਹੀ ੀਰਥੰਕਰ ਦੇਵਤੇ ਮਨੁਖਾ ਰਾਹੀਂ ਪੂਜੇ ਜਾਂਦੇ ਹਨ। ਤੀ ਥੰਕਰ ਪਿਛਲੇ ਜਨਮ ਦੀ ਕਮਾਈ ਸਦਕਾ ਮਤੀ ਸਰੁਤ ਤੇ ਅਵੱਧੀ ਗਿਆਨ ਦੇ ਧਾਰਟ ਹੁੰਦੇ ਹਨ ਇਹ ਹਮੇਸ਼ਾ ਰਾਜ ਵੰਸ਼ ਵਿਚ ਜਨਮ ਲੈਂਦੇ ਹਨ ਤੀ ਥੰਕਰਾਂ ਦੀ ਮਾਤਾਵਾਂ ਜਨਮ ਤੋਂ ਪਹਿਲਾਂ 14 ਸੁਪਨੇ ਵੇਖਦੀਆ ਹਨ। ਸਾਰੇ ਤੀਰਥੰਕਰ ਗੁਰੂ ਤੋਂ ਬਿਨਾ ਸਾਧੂ ਜੀਵਨ ਗ੍ਰਹਿਣ ਕਰਦੇ ਹਨ। ਦੀਖਿਆ ਤੋਂ ਪਹਿਲਾ ਇਕ ਸਾਲ ਦਾਨ ਦਿੰਦੇ ਹਨ। ਦੀਖਿਆ ਸਮੇਂ ਇਨਾ ਤੀਰਥੰਕਰਾ ਨੂੰ ਚੌਥਾ ਮਨ ਪਰਜਵ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸਭ ਤੋ ਪਮੁਖ ਗਿਆਨ ਕੇਵਲ ਗਿਆਨ ਹੈ, ਇਸ ਗਿਆਨ ਦੇ ਪ੍ਰਗਟ ਹੋਣ ਤੇ ਜਨਮ ਮਰਨ ਦਾ ਚੱਕਰ ਮਿਟ ਜਾਂਦਾ ਹੈ ਆਤਮਾ ਪ੍ਰਮਾਤਮ ਅਵਸਥਾ ਨੂੰ ਪ੍ਰਾਪਤ ਕਰਦੀ ਹੈ ਤੀਰਥੰਕਰ ਪਦਵੀ ਪਿਛਲੇ ਕਈ ਜਨਮਾਂ ਦੀ ਕਮਾਈ ਦਾ ਫਲ ਹੁੰਦਾ ਹੈ। ਤੀਰਥੰਕਰ ਦੇ ਗਰਭ, ਜਨਮ, ਦੀਖਿਆ, ਕੇਵਲ ਗਿਆਨ ਤੇ ਨਿਰਵਾਨ ਸਮੇ ਦੇਵਤਾ ਆਉਂਦੇ ਹਨ। ਇਸ ਸਮੇਂ ਨੂੰ ਕਲਿਆਨਕ ਆਖਦੇ ਹਨ। ਇਨਾ ਦਾ ਵਰਣਨ ਜੈਨ ਗ੍ਰੰਥ ਕਲਪ ਸੂਤਰ ਵਿਚ ਵਿਸਥਾਰ ਨਾਲ ਆਖਿਆ ਹੈ ਕੇਵਲ ਗਿਆਨ ਪ੍ਰਗਟ ਹੋਣ ਤੋਂ ਵਾਅਦ ਤੀਰਥੰਕਰਾਂ ਦੇ 35 ਅਤਿਸ਼ੇ, 8 ਪ੍ਰਤਿਹਾਰੇ ਪ੍ਰਗਟ ਹੁੰਦੇ ਹਨ । ਤੀਰਥੰਕਰ ਦੀ ਧਰਮ ਸਭਾ ਸਮੋਸਰਨ ਅਖਵਾਉਂਦੀ ਹੈ ਕੇਵਲ ਗਿਆਨ ਤੋਂ ਵਾਅਦ ਸਵਰਗ, ਧਰਤੀ ਦੇ ਜੀਵ ਜੰਤੂ ਤੀਰਥੰਕਰਾਂ ਦੀ ਧਰਮ ਸਭਾ ਵਿਚ ਬੈਠਕੇ ਤੀਰਥੰਕਰ ਦਾ ਉਪਦੇਸ਼ ਲੋਕ ਭਾਸ਼ਾ ਵਿਚ ਸੁਣਦੇ ਹਨ। ਮੂਲ ਰੂਪ ਵਿਚ ਤੀਰਥੰਕਰ ਲੋਕ ਭਾਸ਼ਾ ਪ੍ਰਕ੍ਰਿਤ ਵਿਚ ਉਪਦੇਸ਼ ਕਰਦੇ ਹਨ। ਕੇਵਲ ਗਿਆਨ ਦੇ ਪ੍ਰਭਾਵ ਕਾਰਣ ਹਰ ਜੀਵ ਅਸਾਨੀ ਨਾਲ ਅਪਨੀ ਭਾਸ਼ਾ ਵਿਚ ਸਾਰਾ ਉਪਦੇਸ਼ ਗ੍ਰਹਿਣ ਕਰਦੇ ਹਨ ਭਰਤ ਖੰਡ (ਭਾਰਤ) ਵਿਚ ਅਜਕਲ ਤੀਰਥੰਕਰ ਪ੍ਰੰਪਰਾ ਕਾਫੀ ਸਮੇਂ ਲਈ ਬੰਦ ਹੈ ਪਰ ਕਾਲ ਤੇ ਤੀਜਰੇ ਤੇ ਚੌਥੇ ਭਾਗ ਵਿਚ ਤੀਰਥੰਕਰ ਜਨਮ ਲੈਂਦੇ ਹਨ । ਧਰਤੀ ਦੇ ਕਈ ਹਿਸੇ ਹੁਣ ਵੀ ਅਜੇਹੇ ਹਨ। ਜਿਥੇ 20 ਵਿਹਰਮਾਨ ਤੀਰਥੰਕਰ ਘੁਮ ਰਹੇ ਹਨ। ਇਸ ਹਿਸੇ ਨੂੰ ਮਹਾਵਿਦੇਹ ਆਖਦੇ ਹਨ। ਇਸ ਭਾਗ ਕੋਈ ਖਾਸ ਗਿਆਨੀ ਧਿਆਨ ਨਾਲ ਹੀ ਪਹੁੰਚ ਸਕਦਾ ਹੈ। ਭਾਵ ਇਥੇ ਘੁੰਮਨ ਵਾਲੇ ਤੀਰਥੰਕਰ ਦਾ ਧਿਆਨ ਕੀਤਾ ਜਾ ਸਕਦਾ ਹੈ। ਆਮ ਮਨੁੱਖ ਦਾ ਪਹੁੰਚਨਾ ਅਸੰਭਵ ਹੈ। ਇਸ ਪ੍ਰਕਾਰ ਤੀਰਥੰਕਰ ਪਰੰਪਰਾ ਅਨਾਦਿ ਅਤੇ ਅਖੰਡ ਹੈ। ਸੰਸਾਰ ਵਿਚ ਘਟੋ ਘਟ 4 ਅਤੇ ਵੱਧ ਤੋਂ ਵੱਧ 170 ਤੀਰਥੰਕਰ ਜਨਮ ਲੈ ਸਕਦੇ ਹਨ। ਤੀਰਥੰਕਰ ਧਰਮ ਰੂਪੀ

ਸਾਧੂ, ਸਾਧਵੀ, ਸ੍ਰਾਵਕ ਅਤੇ ਸ੍ਰਾਵਿਕਾ ਤੀਰਥ ਦੀ ਨੀਂਹ ਰਖਣ ਕਾਰਣ ਤੀਰਥੰਕਰ ਅਖਵਾਉਂਦੇ ਹਨ। ਸਾਰੀ ਸ੍ਰਿਸ਼ਟੀ ਵਿਚ ਢਾਈ ਦੀਪ ਮਨੁੱਖਾਂ ਦੀ ਆਬਾਦੀ ਹੈ। ਦੀਪ ਇਹ ਹਨ-1) ਜੰਬੂ ਦੀਪ 2) ਧਾਤਕੀ ਖੰਡ 3) ਅੱਧ ਪੁਖਰਾਜ 4) ਮਹਾਵਿਦੇਹ ਖੇਤਰ ਹਨ। ਹਰ ਮਹਾਂਵਿਦੇਹ ਵਿਚ 4-4 ਤੀਰਥੰਕਰ ਘੁੰਮ ਰਹੇ ਹਨ।

## ਤੀਰਥੰਕਰ ਤੇ ਅਰਿਹੰਤ :-

ਅਰਿਹੰਤ ਤੋਂ ਭਾਵ ਹੈ, ਇੰਦਰੀਆਂ ਦੇ ਦੁਸ਼ਮਨਾਂ ਦਾ ਜੇਤੂ ਜਿੰਨ। ਜਿਵੇਂ ਤੀਰਥੰਕਰ ਜਨਮ ਤੇ ਪਿਛਲੇ ਤੱਪ ਪ੍ਰਭਾਵ ਕਾਰਣ ਜਨਮ ਤੋਂ ਹੀ ਮਹਾਨ ਹੁੰਦੇ ਹਨ ਅਤੇ ਉਨਾਂ ਦੀ ਸੰਖਿਆ ਨਿਸ਼ਚਿਤ ਹੁੰਦੀ ਹੈ। ਸਾਰੇ ਤੀਰਥੰਕਰ ਅਰਿਹੰਤ ਹੁੰਦੇ ਹਨ, ਪਰ ਸਾਰੇ ਅਰਿਹੰਤ ਤੀਰਥੰਕਰ ਨਹੀਂ ਹੁੰਦੇ। ਤੀਰਥੰਕਰ ਦਾ ਜਨਮ ਤੋਂ ਲੈ ਕੇ ਅੰਤ ਸਮੇਂ ਤਕ ਨਿਰਵਾਨ ਨਿਸ਼ਚਿਤ ਹੁੰਦਾ ਹੈ, ਪਰ ਅਰਿਹੰਤ ਸਧਾਰਣ ਮਨੁੱਖ ਹੁੰਦੇ ਹਨ, ਜੋ ਤੀਰਥੰਕਰ ਜਾਂ ਕਿਸੇ ਧਰਮ ਗੁਰੂ ਤੋਂ ਸੱਚਾ ਗਿਆਨ ਪ੍ਰਾਪਤ ਕਰਕੇ ਇਹ ਅਵਸਥਾ ਪ੍ਰਾਪਤ ਕਰਦੇ ਹਨ। ਇਨ੍ਹਾਂ ਨੂੰ ਜੈਨ ਪਰਿਭਾਸ਼ਾਂ ਵਿਚ ਸਮਾਨਯ ਕੇਵਲੀ ਆਖਿਆ ਜਾਂਦਾ ਹੈ। ਗਿਆਨ ਪਖੋਂ ਤੀਰਥੰਕਰ ਦੇ ਬਰਾਬਰ ਹੁੰਦੇ ਹਨ। ਅਤੇ ਅੰਤ ਸਮੇਂ ਹਰ ਅਰਿਹੰਤ ਦਾ ਮੋਕਸ਼ ਨਿਸਚੇ ਹੈ।

ਅਸ਼ਟ ਪ੍ਰਤਿਹਾਰਏ :-

ਪੂਜੱਤਾ ਪ੍ਰਗਟ ਕਰਨ ਵਾਲੀ ਸਾਮਗਰੀ ਜੋ ਹਰ ਸਮੇਂ ਨਾਲ ਰਹੇ। ਉਸ ਨੂੰ ਪ੍ਰਤਿਹਾਰੇ (ਪਹਿਰੇਦਾਰ) ਬੋਲਦੇ ਹਨ ਇਹ ਅੱਠ ਪ੍ਰਤਿਹਾਰੇ ਤੀਰਥੰਕਰ ਅਰਿਹੰਤ ਨੂੰ ਕੇਵਲ ਗਿਆਨ ਬਾਅਦ ਤੋਂ ਬਾਅਦ ਪ੍ਰਾਪਤ ਹੁੰਦੇ ਹਨ।

(1)ਅਸ਼ੋਕ ਬ੍ਰਿਖ (2)ਸੁਰ ਪੁਸ਼ਪ ਵਰਿਸ਼ਟੀ (ਦੇਵਤਿਆ ਰਾਹੀ ਫੁੱਲਾਂ ਦੀ ਵਰਖਾ) (3) ਦਿਵਯਧੱਵਨੀ(ਤੀਰਥੰਕਰ ਦੇ ਸਮੇਂ ਸ਼ਰਨ ਵਿਚ ਬੈਠ ਦੇਵੀ, ਦੇਵਤੇ ਮਨੁੱਖ, ਇਸਤਰੀ ਪਸ਼ੂ ਇਸ ਦੇ ਪ੍ਰਭਾਵ ਨਾਲ ਤੀਰਥੰਕਰ ਦੀ ਬਾਣੀ ਅਪਣੀ 2 ਭਾਸ਼ਾ ਵਿਚ ਸਮਝਦੇ ਹਨ। (4) ਚਾਮਰ (ਚੌਰ) (5) ਸਿੰਘਾਸਨ (6) ਭਾਮ ਮੰਡਲ (ਤੀਰਥੰਕਰ ਦੇ ਪੀਛੇ ਪ੍ਰਕਾਸ਼ਮਾਨ ਤੇਜ ਮੰਡਲ ਹੁੰਦਾ ਹੈ ਜੋ ਦਸ ਦਿਸ਼ਾਵਾਂ ਨੂੰ ਪ੍ਰਕਾਸਿਤ ਕਰਦਾ ਹੈ)। (7)ਦੇਵ ਦੁੰਧਭੀ (ਦੇਵਤੇ ਰਾਹੀਂ ਸਾਜ ਬਜਾਉਣਾ)(8) ਤਿੰਨ ਛੱਤਰ (ਤਿੰਨ ਛੱਤਰ ਤੀਰਥੰਕਰਾਂ ਦੇ ਸਿਰਦੇ ਝੁਲਦੇ ਹਨ)

ਸਧਾਰਣ ਅਰਿਹੰਤ ਨੂੰ ਅਸੀ ਇਨ੍ਹਾਂ ਬਾਹਰਲੀਆ ਵਸਤਾ ਕਾਰਣ ਵੀ ਤੀਰਥੰਕਰ ਨਹੀਂ ਆਖ ਸਕਦੇ।

ਤੀਰਥੰਕਰ ਭਗਵਾਨ ਦੇ 12 ਪ੍ਰਮੁਖ ਗੁਣ ਇਸ ਪ੍ਰਕਾਰ ਹਨ।

(1)ਅਨੰਤ ਗਿਆਨ (2)ਅਨੰਤ ਦਰਸਨ (3) ਅਨੰਤ ਚਾਰਿਤਰ (4)ਅਨੰਤਤੱਪ (5)ਅਨੰਤ ਬਲ ਬੀਰਜ (ਆਤਮਿਕ ਸ਼ਕਤੀ) (6) ਅਨੰਤ ਸਾਇਕ ਸਮਿਕਤਵ (ਨਾਂ ਖਤਮ ਹੋਣ ਵਾਲਾ ਧਰਮ ਪ੍ਰਤਿ ਸਮਿਅਕ) (7) ਵੱਜਰ ਰਿਸਵ ਨਰਾਂਚ ਸੰਹਨੰਨ (8) ਸਮਚਤੁਰ ਸੰਸਥਾਨ (9) ਚੋਤੀਸ ਅਤਿਸ਼ੇ (10) 35 ਬਾਨੀ ਦੇ ਗੁਣ (11) ਇਕ ਹਜਾਰ ਅੱਠ ਲੱਛਣ (12) 64 ਇੰਦਰਾਂ ਰਾਹੀਂ ਪੂਜਿਤ।

18 ਦੋਸ਼ਾਂ ਤੋ ਮੁਕਤ ਅਰਿਹੰਤ :-

ਅਰਿਹੰਤ ਤੀਰਥੰਕਰ 18 ਦੋਸਾਂ ਤੋ ਰਹਿਤ ਹੁੰਦੇ ਹਨ।

(1) ਮਿਥਿਆਤਵ (2) ਅਗਿਆਨ (3) ਮਦ (ਹੰਕਾਰ) (4) ਕਰੋਧ (5) ਮਾਇਆ (6) ਲੋਭ (7) ਰਤਿ ਵਸਤੂ (8) ਅਰਤਿ (ਨਾਇੱਛ ਦਾ ਦੁਖ) (9) ਨੀਂਦ (10) ਸੋਕ (11)ਅਲੀਕਪ੍ਰਾਪਤ ਪ੍ਰਤਿ ਖੁਸ਼ੀ, ਮਾੜੀ ਵਸਤੂ ਪ੍ਰਾਪਤ ਪ੍ਰਤਿ ਦੁਖ (12) ਚੋਰੀ (13) ਮਤਸਰਤਾ (14) ਭੈ 15 ਹਿਸਾ 16 ਸੰਸਾਰਿਕ ਵਸਤਾ ਪ੍ਰਤਿ ਪ੍ਰੇਮ 17 ਕ੍ਰੀੜਾ ਖੇਲ 18 ਹਾਸ਼ਾ ਮਜ਼ਾਕ।

ਤੀਰਥੰਕਰ ਸੰਬਧੀ ਵੀਹ ਸਥਾਨਕ ਗੁਣ

ਹਰ ਆਦਮੀ ਤੀਰਥੰਕਰ ਨਹੀ ਬਣ ਸਕਦਾ, ਜੋ ਪਿਛਲੇ ਜਨਮ ਵਿਚ ਇਨਾਂ 20 ਬੋਲਾ ਦੀ ਸਮਿਅਕ ਅਰਾਧਨਾ ਭਗਤੀ ਕਰਦਾ ਹੈ ਉਹ ਹੀ ਤੀਰਥੰਕਰ ਪਦ ਦੀ ਪ੍ਰਾਪਤੀ ਕਰਦਾ ਹੈ

(1) ਅਰਿਹੰਤ ਭਗਤੀ (2) ਸਿਧ ਭਗਤੀ 3 ਪ੍ਰਵਚਨ ਭਗਤੀ 4 ਗੁਰੂ ਭਗਤੀ 5 ਸਥਵਿਰ ਬੁਢੇ ਸਾਧੂ ਤੇ ਬਜ਼ੁਰਗਾਂ ਦੀ ਸੇਵਾ ਭਗਤੀ 6 ਬਹੁਸ਼ਰਤ ਗਿਆਨ ਦੀ ਭਗਤੀ 7 ਤੱਪਸਵੀ ਭਗਤੀ (8) ਅਭਿਕਸ਼ਨ ਗਿਆਨ ਉਪਯੋਗ (ਤੱਤਵ ਗਿਆਨ ਨੂੰ ਦੁਹਾਰਨਾ) (9) ਦਰਸ਼ਨ ਸੁਧੀ (ਸਮਿਅਕ ਦਰਸਨ ਦਾ ਪਾਲਨ ਕਰਕੇ ਮਿਥਿਆਤਵ ਨੂੰ ਛੱਡ ਕੇ ਅਰਿਹੰਤਾਂ ਦੇ ਉਪਦੇਸ਼ਾਂ ਤੇ ਚਲਨਾਂ (10) ਵਿਨੈ ਸਪੰਨਤਾ (11) ਆਵਸਕ ਕ੍ਰਿਆ (12) ਸ਼ੀਲ ਵਰਤ ਦਾ ਪਾਲਨ (13) ਖਸ਼ਣ ਲਵ (ਸੰਸਾਰ ਦੇ ਜਨਮ ਮਰਨ ਦਾ ਕਾਰਣ ਪ੍ਰਤਿ ਹਰ ਸਮੇ ਤਿਆਗਨ ਨੂੰ ਤਿਆਰ ਰਹਿਨਾ) (14) ਯਥਾਸ਼ਕਤੀ ਤਪ ਕਰਨਾ (15) ਯਥ ਸ਼ਕਤੀ ਤਿਆਗ (16) ਵੈਯਾ ਵਰਯਕਰਨ (ਧਰਮੀ ਪੁਰਸ ਦੀ ਸ਼ਰੀਰਕ ਸੇਵਾ) (17)

(1) ਭੈ ਸਤ ਪ੍ਰਕਾਰ ਦਾ ਹੈ : [1] ਇਹ ਲੋਕ ਭੈ [2] ਪਰਲੋਕ ਭੈ [3] ਆਦਾਨ ਭੈਅ[4] ਅਕਸਮਾਤ [ਅਚਾਨਕ] ਭੈ [5] ਅਜਿਵਿਕਾ [ਗੁਜਾਰਾ] ਭੈ [6] ਅਪਯਸ [ਬੇਇਜਤੀ] ਦਾ ਭੈ।

6, ਆਵਸ਼ਕ

[1] ਸਾਮਾਇਕ। [2[ ਚਤੁਰ ਵਿਸਤਿਸ਼ਤਤ [24] ਤੀਰਥੰਕਰਾਂ ਦੀ ਪੂਜਾ ਭਗਤੀ][3] ਬੰਦਨਾ [4] ਪ੍ਰਤਿਕ੍ਰਮਨ [ਦੋਸ਼ਾਂ ਨੂੰ ਸਿਲਸਲੇ ਵਾਰ ਚਿੰਤਨ ਕਰਕੇ ਖਿਮਾ ਮੰਗਨਾ]। [5] ਕਾਯੋਤਸਰਗ [ਸ਼ਰੀਰ ਦੀ ਮਮਤਾ ਤਿਆਗ ਕੇ ਸਮਾਧੀ ਜਾ ਧਿਆਨ ਲਾਉਣਾ] [6] ਪਛਖਣ [ਸਕਤੀ ਅਨੁਸਾਰ ਖਾਣ, ਪੀਣ ਪਹਿਨਣ ਵਾਲੀਆਂ ਵਸਤਾਂ ਤੇ ਦਾ ਤਿਆਗ]

[3] ਸੀਲਵਰਤ ਤੋਂ ਭਾਵ ਉਪਾਸਕ [ਸਾਵਕ] ਦੇ 12 ਵਰਤ ਹੈ : [1] ਅਚਾਰਿਆ ਉਪਾਧਿਆ, ਤਪਸਵੀ, ਨਵਾਂ ਸਾਧੂ, ਬੀਮਾਰ 20 ਸਾਲ ਪੁਰਾਣਾ ਸਥਵਿਰ ਸਾਧੂ ਗੁਣ, ਕੁਲ, ਸੰਘ ਸਹ ਧਰਮੀ ਦੀ ਹਰ ਪ੍ਰਕਾਰ ਦੀ ਸੇਵਾ ਹੀ ਵੈਯਾਵਰਿਤ ਧਰਮ ਹੈ।

ਸਮਾਧੀ [81] ਅਪੂਰਵ ਗਿਆਨ [ਨਵਾਂ ਗਿਆਨ ਸਿਖਣ ਲਈ ਤਿਆਰ ਰਹਿਣਾ] [19] ਸ਼ਰੁਤ ਭਗਤੀ [20] ਪ੍ਰਭਾਵਨਾ [ਜੈਨ ਧਰਮ ਦਾ ਪ੍ਰਚਾਰ ਹਰ ਸਮੇਂ ਹਰ ਸਥਾਨ ਨਾਲ ਕਰਨਾ]। ਇਨ੍ਹਾਂ 20 ਬੋਲਾਂ ਦੀ ਆਰਾਧਨਾਂ ਤੀਰਥੰਕਰ ਨਾਮ ਕਰਮ ਗੋਤਰ ਦਾ ਕਰਣ ਹੈ। ਭਾਵ ਹਰ ਤੀਰਥੰਕਰ ਪਿਛਲੇ ਜਨਮ ਵਿਚ ਕਿਸੇ ਨਾ ਕਿਸੇ ਤੀਰਥੰਕਰ ਦੀ ਅਧਾਰਨਾ ਕਰਦਾ ਹੈ।

ਅਰਿਹੰਤ ਭਗਵਾਨ 8 ਕਰਮਾਂ ਵਿਚੋਂ 4 ਕਰਮ ਕੇਵਲ ਗਿਆਨ ਸਮੇਂ ਖਤਮ ਕਰ ਦਿੰਦੇ ਹਨ ਉਨ੍ਹਾਂ ਨੂੰ ਘ ਤੀ ਕਰਮ ਕਿਹਾ ਗਿਆ ਹੈ ਉਹ ਇਸ ਪ੍ਰਕਾਰ ਹਨ [1] ਗਿਆਨ ਵਰਨੀਆ [2] ਦਰਸ਼ਾਵਰਨੀਆ [3] ਮੋਹਨੀਆ [4] ਅੰਤ ਰਾਏ[ਰੁਕਾਵਟ ਦਾ ਕਾਰਣ ਕਰਮ]।

4 ਕਰਮਾਂ ਦਾ ਭੋਗ ਉਹ ਨਿਰਵਾਨ ਅਵਸਥਾ ਤੱਕ ਭੋਗਦੇ ਹਨ। ਅਰਿਹੰਤ ਅਵਸਥਾ [4] ਅਘਾਤੀ ਕਰਮਾਂ ਦਾ ਬੰਧ ਹੈ ਉਹ ਤੀਰਥੰਕਰ ਨੂੰ ਭੋਗਨਾ ਪੈਂਦਾ ਹੈ ਉਹ ਕਰਮ ਹਨ [1] ਵੇਦਨੀਆ [2] ਆਯੁਸ਼ [3] ਨਾਮ [4] ਗੋਤਰ ਇਹ ਕਰਮਾਂ ਦਾ ਭੋਗ ਇਸੇ ਜਨਮ ਵਿਚ ਪੂਰਾ ਹੋ ਜਾਂਦਾ ਹੈ

ਤੀਰਥੰਕਰਾਂ ਦੀ ਮਾਤਾ ਦੇ 14 ਸੁਪਨੇ

ਜਿਵੇਂ ਪਹਿਲਾ ਦਸਿਆ ਜਾ ਚੁਕਿਆ ਹੈ ਕਿ ਤੀਰਥੰਕਰ ਅਰਿਹੰਤਾ ਦੀ ਮਾਤਾ ਹੀ 14 ਸੁਪਨੇ ਵੇਖਦੀ ਹੈ ਆਮ ਅਰਿਹੰਤ ਦੀ ਨਹੀਂ।

ਤੀਰਥੰਕਰ 15 ਕਰਮ ਭੂਮੀਆਂ ਵਿਚ ਕਿਸੇ ਵੀ ਭੂਮੀ ਵਿਚ ਪੈਦਾ ਹੁੰਦੇ ਹਨ ਇਹ ਸੁਪਨੇ ਹਨ।

[1] ਹਾਥੀ [2] ਬੱਲਦ[3] ਸ਼ੇਰ [4] ਲੱਛਮੀ [5] ਪੁਸ਼ਪ ਮਾਲਾ ਦਾ ਜੋੜਾ [6] ਚੰਦਰਮਾ [7] ਸੂਰਜ [8] ਇੰਦਰ ਧੱਵਜਾ [9] ਪੂਰਨਕਲਸ਼ [10] ਪਦਮ [ਕਮੱਲ ਸਰੋਵਰ] [11] ਖੀਰ ਸਾਗਰ [12] ਦੇਵ ਵਿਮਾਨ [13] ਰਤਨਾ ਦਾ ਢੇਰ [14] ਧੂਏ ਰਹਿਤ ਅੱਗ।

ਤੀਰਥੰਕਰ ਦੇ ਜਨਮ ਸਮੇਂ ਇਕ ਵਿਸੇਸ ਸ਼ਰੀਰਕ ਚਿਨ੍ਹ ਅਤੇ ਛਾਤੀ ਉਪਰ ਸ੍ਰੀ ਵਤਸ ਦਾ ਚਿਨ੍ਹ ਹੁੰਦਾ ਹੈ। ਤੀਰਥੰਕਰ ਦੇ ਧਰਮ ਸੰਘ ਲਈ ਇੰਦਰ ਰਾਹੀਂ ਨਿਉਕਤ ਯਕਸ ਨੂੰ ਸਾਸਨ ਦੇਵ ਅਤੇ ਯਕਸਨੀ ਸਾਸਨ ਦੇਵੀ ਆਖਦੇ ਹਨ। ਇਹ ਤੀਰਥੰਕਰ ਦੇ ਧਰਮ ਸੰਘ ਦੀ ਭਗਤੀ ਤੇ ਰਾਖੀ ਕਰਦੇ ਹਨ। ਤੀਰਥੰਕਰਾਂ ਦੀਆਂ ਮੂਰਤੀਆਂ ਨਾਲ 8 ਪ੍ਰਤਿਹਾਰੇ ਤੋਂ ਛੁੱਟ ਤੀਰਥੰਕਰ ਦੇ ਸਰੀਰਕ ਚਿਨ੍ਹ, ਸਾਸਨ ਦੇਵ ਅਤੇ ਸਾਸਨ ਦੇਵੀ ਦੀਆਂ ਮੂਰਤੀਆਂ ਵੀ ਉਸਾਰੀਆਂ ਜਾਂਦੀਆਂ ਹਨ।

ਸਾਰੇ ਤੀਰਥੰਕਰ ਕੇਵਲ ਗਿਆਨ ਤੋਂ ਬਾਅਦ ਸਾਧੂ, ਸਾਧਵੀ, ਸ੍ਰਾਵਕ ਤੇ ਸ੍ਰਾਵਕਿਆ ਰੂਪੀ ਧਰਮ ਤੀਰਥ ਦੀ ਸਥਾਪਨਾ ਕਰਦੇ ਹਨ। ਤੀਰਥੰਕਰ ਸਾਧੂ ਨੂੰ ਅਹਿੰਸਾ, ਸਤ, ਚੋਰੀ ਨਾ ਕਰਨਾ ਜਰੂਰਤ ਤੋਂ ਵੱਧ ਸੰਗ੍ਰਹਿਨਾਂ ਕਰਨਾ, ਬ੍ਰਹਮਚਰਜ ਰੂਪੀ 5 ਮਹਾਵਰਤ ਅਤੇ ਗ੍ਰਹਿਸਥ ਸ੍ਰਾਵਕ ਵਰਗ ਨੂੰ 5 ਅਣੂਵਰਤਾਂ ਦਾ ਉਪਦੇਸ ਦਿੰਦੇ ਹਨ। ਤੀਰਥੰਕਰਾਂ ਦੇ ਗਨਧਰ ਉਨ੍ਹਾਂ ਦੀ ਬਾਣੀ ਨੂੰ ਅੰਗ ਉਪਾਗ ਵਿਚ ਦਰਜ ਕਰਦੇ ਹਨ। ਤੀਰਥੰਕਰ ਜੀਵ, ਅਜੀਵ ਰੂਪੀ ਤੱਤਵਾਂ ਦੇ ਉਪਦੇਸ ਰਾਹੀਂ ਜੜ ਨੌਂ ਤੱਤਵ ਆਤਮ, ਸਿਸਟੀ, ਪ੍ਰਮਾਤਮਾ ਵਾਰੇ ਗਿਆਨ ਦਿੰਦੇ ਹਨ।

ਤੀਰਥੰਕਰ ਦੇ 34 ਅਤਿਸ਼ੇ [ਖਾਸ ਵਿਸ਼ੇਸ਼ਤਾਵਾਂ]

1. ਸਰੀਰ ਦੇ ਬਾਲ ਨਹੀਂ ਵਧਦੇ ਅਤੇ ਜਿੰਨੇ ਵਧਦੇ ਵੀ ਹਨ ਉਹ ਸੋਹਣੇ ਲਗਦੇ ਹਨ।
2. ਸ਼ਰੀਰ ਤੇ ਮਿੱਟੀ, ਮੈਲ ਨਹੀਂ ਜੰਮਦੀ।
3. ਖੂਨ ਅਤੇ ਮਾਸ ਗਊ ਦਾ ਦੁੱਧ ਵਾਂਗ ਸਫੇਦ ਤੇ ਮਿੱਠਾ ਹੁੰਦਾ ਹੈ।
4. ਸਾਹਾਂ ਵਿਚ ਖੁਸ਼ਬੂ ਹੁੰਦੀ ਹੈ।
5. ਆਮ ਮਨੁੱਖ ਉਨ੍ਹਾਂ ਨੂੰ ਭੋਜਨ ਕਰਦੇ ਨਹੀਂ ਵੇਖ ਸਕਦਾ। ਪਰ ਅਵਧੀ ਗਿਆਨੀ ਵੇਖ ਸਕਦਾ ਹੈ ਦਿਗਵੰਰ ਫਿਰਕੇ ਵਾਲੇ ਅਰਿਹੰਤ ਅਵਸਥਾ ਵਿਚ ਭੋਜਨ ਨਹੀਂ ਮੰਨਦੇ।

6. ਤੀਰਥੰਕਰ ਅਰਿਹੰਤ ਜਦ ਚਲਦੇ ਹਨ ਉਨ੍ਹਾਂ ਅੱਗੇ ਇਕ ਧਰਮ ਚੱਕਰ ਚਲਦਾ ਹੈ, ਜਿਥੇ ਭਗਵਾਨ ਠਹਿਰਦੇ ਹਨ ਧਰਮ ਚੱਕਰ ਵੀ ਠਹਿਰ ਜਾਂਦਾ ਹੈ।

7. ਤੀਰਥੰਕਰ ਦੇ ਸਿਰ ਤੇ ਤਿੰਨ ਛਤ ਆਕਾਸ਼ ਤੋਂ ਹੀ ਵਿਖਾਈ ਦਿੰਦੇ ਹਨ। ਸਾਰੇ ਛੱਤਰ ਮੋਤੀਆਂ ਦੀ ਝਾਲਰ ਵਾਲੇ ਹੁੰਦੇ ਹਨ।

8. ਗਊ ਦੇ ਦੁਧ ਦੀ ਤਰਾਂ ਅਤੇ ਕਮਲ ਦੇ ਫੁੱਲਾਂ ਦੀ ਤਰਾਂ ਉਜਲ ਝਾਲਰ ਦੇਵਤਿਆਂ ਝੁਲਾਏ ਜਾਂਦੇ ਹਨ। ਉਨ੍ਹਾਂ ਦੀ ਡੰਡੀ ਰਤਨਾਂ ਦੀ ਬਣੀ ਹੁੰਦੀ ਹੈ।

9. ਅਰਿਹੰਤ ਤੀਰਥੰਕਰ ਜਿਥੇ ਵਿਰਾਜਦੇ ਹਨ ਉਥੇ ਸਫਟੀਕ ਮਣੀ ਦੀ ਤਰਾਂ ਨਿਰਮਲ, ਰਤਨਾਂ ਨਾਲ ਜੜਿਆ, ਪਾਦ ਪੀਠੀਕਾ ਵਾਲਾ ਸਿੰਘਾਸਣ ਹੁੰਦਾ ਹੈ।

10. ਬਹੁਤ ਸੁੰਦਰ ਰਤਨ ਜੜਤ, ਖੰਬੀਆਂ ਵਾਲੀ ਅਤੇ ਅਨੇਕਾਂ ਛੋਟੇ ਬੜੇ ਝੰਡਿਆਂ ਵਾਲੀ ਇੰਦਰ ਧਵੱਜਾ ਭਗਵਾਨ ਦੇ ਅੱਗੇ ਚਲਦੀ ਹੈ।

11. ਅਨੇਕਾਂ ਫੁੱਲਾਂ, ਫਲਾਂ ਨਾਲ ਭਰਪੂਰ ਅਸ਼ੋਕ ਦਰਖਤ ਭਗਵਾਨ ਦੇ ਸਰੀਰ ਨੂੰ ਆਪਣੀ ਛਾਂ ਨਾਲ ਢਕਦਾ ਹੈ।

12. ਸਰਦੀ ਵਿਚ ਸੂਰਜ 12 ਗੁਣਾ ਗਰਮੀ ਨਾਲ ਚਮਕਦਾ ਭਗਵਾਨ ਦੇ ਪਿਛੇ ਵਿਖਾਈ ਦਿੰਦਾ ਹੈ

13. ਜਿਥੇ ਭਗਵਾਨ ਵਿਰਾਜਦੇ ਹਨ ਉਹ ਭੂਮੀ ਟੋਏ ਟਿੱਬਿਆਂ ਤੋਂ ਰਹਿਤ ਹੋ ਜਾਂਦੀ ਹੈ।

14. ਭਗਵਾਨ ਦੇ ਪੁੰਨ ਪ੍ਰਤਾਪ ਨਾਲ ਕੰਡੇ ਪੁਠੇ ਹੋ ਜਾਂਦੇ ਹਨ ਅਰਥਾਤ ਉਹ ਆਪਣੇ ਤਿੱਖੇ ਮੂੰਹ ਹੇਠਾਂ ਨੂੰ ਕਰ ਲੈਂਦੇ ਹਨ।

15. ਭਗਵਾਨ ਦੀ ਕ੍ਰਿਪਾ ਨਾਲ ਸਰਦੀ ਵਿਚ ਮੌਸਮ ਗਰਮ ਅਤੇ ਗਰਮੀ ਵਿਚ ਠੰਡਾਂ ਤੇ ਸੁਹਾਵਨਾ ਹੋ ਜਾਦਾ ਹੈ।

16. ਜਿਥੇ ਜਿਥੇ ਭਗਵਾਨ ਘੁੰਮਦੇ ਹਨ ਉਥੋਂ ਚਹੁ ਪਾਸੇ ਯੋਜਨ ਤਕ ਗੰਦੇ ਪਦਾਰਥ ਆਪਣੇ ਆਪ ਦੂਰ ਹੋ ਜਾਂਦੇ ਹਨ ਅਤੇ ਖੁਸ਼ਬੂਦਾਰ ਠੰਡੀ ਹਵਾ ਚਲਦੀ ਹੈ।

17. ਤੀਰਥੰਕਰ ਦੇ ਚਾਰੇ ਪਾਸੇ ਇਕ ਯੋਜਨ ਸੁਗੰਧਤ ਪਾਣੀ ਦੀ ਵਰਖਾ ਹੁੰਦੀ ਹੈ ਜਿਸ ਨਾਲ ਧੂੜ ਦਬ ਜਾਂਦੀ ਹੈ।

18. ਤੀਰਥੰਕਰ ਦੇਵਤਾਂਵਾਂ ਰਾਹੀ ਪੰਜ ਪ੍ਰਕਾਰ ਦੇ ਫੁਲਾਂ ਦੀ ਵਰਖਾ ਨਾਲ ਸ਼ੋਭਾ ਪਾਉਂਦੇ ਹਨ। ਇਨ੍ਹਾਂ ਫੁਲਾਂ ਦੀਆਂ ਡੰਡੀਆਂ ਹੇਠਾ ਨੂੰ ਅਤੇ ਮੂੰਹ ਉਪਰ ਨੂੰ ਹੁੰਦੇ ਹਨ।

19. ਤੀਰਥੰਕਰ ਜਿਥੇ ਵਿਰਾਜਦੇ ਹਨ ਉਥੇ ਅਸ਼ੁਭ, ਭੈੜਾ, ਰੰਗ, ਰਸ ਵਰਨ ਖਤਮ ਹੋ ਜਾਂਦੇ।

20. ਉਸ ਥਾਂ ਤੇ ਚੰਗੇ ਰੰਗ, ਰਸ, ਵਰਨ, ਸਪਰਸ਼ ਪੈਦਾ ਹੁੰਦੇ ਹਨ।

21. ਤੀਰਥੰਕਰ ਦਾ ਉਪਦੇਸ ਚੰਹੁ ਪਾਸੇ ਇਕ ਯੋਜਨ ਤਕ ਸੁਣਿਆ ਜਾ ਸਕਦਾ ਹੈ।

22. ਤੀਰਥੰਕਰ ਅਰਧ ਮਗਧੀ ਭਾਸ਼ਾ ਵਿਚ ਉਪਦੇਸ ਕਰਦੇ ਹਨ।

23 ਇਹ ਉਪਦੇਸ਼, ਮਨੁੱਖ, ਪਸ਼ੂ ਅਤੇ ਦੇਵਤੇ ਆਪਣੀ ਆਪਣੀ ਭਾਸ਼ਾ ਵਿਚ ਆਸਾਨੀ ਨਾਲ ਸਮਝ ਸਕਦੇ ਹਨ।

24 ਤੀਰਥੰਕਰ ਦੇ ਦਰਬਾਰ ਵਿਚ ਮਨੁਖ, ਪਸੂ ਅਤੇ ਦੇਵਤੇ ਆਪਣੇ ਕੁਦਰਤੀ ਵੈਰ ਨੂੰ ਭੁਲ ਜਾਂਦੇ ਹਨ। ਬਿੱਲੀ, ਕੁੱਤਾ, ਸ਼ੇਰ, ਬਕਰੀ, ਚੂਹਾ, ਸੱਪ, ਨਿਉਲਾ ਪ੍ਰੇਮ ਨਾਲ ਬੈਠ ਕੇ ਸਭ ਰੁਚੀ ਨਾਲ ਸੁਣਦੇ ਹਨ।

25 ਤੀਰਥੰਕਰ ਦੇ ਦਰਬਾਰ ਵਿਚ ਹੋਰ ਮਤਾਂ ਵਾਲੇ ਅਸਮਰਥ ਹੋ ਜਾਂਦੇ ਹਨ ਉਨ੍ਹਾਂ ਦੀ ਤਰਕ ਬੁਧੀ ਨਸ਼ਟ ਹੋ ਜਾਂਦੀ ਹੈ।

26 ਤੀਰਥੰਕਰ ਦੇ ਦਰਬਾਰ ਵਿਚ ਦੂਸਰੇ ਮੱਤਾਂ ਦੇ ਪਾਖੰਡੀ ਆਪਣਾ ਹੰਕਾਰ ਛੱਡ ਦਿੰਦੇ ਹਨ।

27 ਚੰਹੁ ਪਾਸੋਂ 25 ਯੋਜਨ ਤਕ ਟਿਡੀਆਂ ਆਦਿ ਰਾਂਹੀ ਖੇਤਾਂ ਨੂੰ ਨੁਕਸਾਨ ਨਹੀਂ ਪਹੁੰਚਦਾ।

28 ਮਹਾਮਾਰੀ ਨਹੀਂ ਫੈਲਦੀ।

29 ਰਾਜਾ ਅਤੇ ਸੈਨਾ ਵਿਚ ਵਿਦਰੋਹ ਨਹੀਂ ਹੁੰਦਾ।

30 ਨਾਲ ਲਗਦੇ ਦੇਸ਼ ਵਿਚ ਵੀ ਅਜਿਹੀ ਘਟਨਾ ਨਹੀਂ ਵਾਪਰਦੀ।

31 ਜਿਆਦਾ ਬਾਰਸ਼ ਨਹੀਂ ਹੁੰਦੀ।

32 ਇੰਨੀ ਘੱਟ ਬਾਰਸ਼ ਵੀ ਨਹੀਂ ਪੈਂਦੀ ਕਿ ਅਕਾਲ ਪੈ ਜਾਵੇ।

33 ਅਕਾਲ ਨਹੀਂ ਪੈਂਦਾ।

34 ਜਿਥੇ ਭਗਵਾਨ ਪਧਾਰ ਜਾਂਦੇ ਹਨ। ਉਥੇ ਮਹਾਮਾਰੀ ਧਰਮ ਚੱਕਰ ਦੇ ਕਾਰਨ ਹੀ ਸ਼ਾਂਤ ਹੋ ਜਾਂਦੀ ਹੈ।

ਤੀਰਥੰਕਰਾਂ ਭਾਸ਼ਾ ਦੇ 35 ਗੁਣ ਇਸ ਪ੍ਰਕਾਰ ਹਨ :-

1 ਸੰਸਕਾਰਾਂ ਵਾਲਾ ਉਪਦੇਸ ਹੁੰਦਾ ਹੈ।

2 ਇਕ ਇਕ ਯੋਜਨ ਤਕ ਸੁਣਾਈ ਦਿੰਦੀ ਹੈ।

3 ਇਸ ਵਿਚ ਉਏ, ਤੂੰ ਜਿਹੇ ਸਬਦ ਨਹੀਂ ਵਰਤੇ ਜਾਂਦੇ।

4 ਉਨ੍ਹਾਂ ਦਾ ਉਪਦੇਸ ਬਦਲਾਂ ਦੀ ਗਰਜ ਦੀ ਤਰਾਂ ਗੰਭੀਰ ਹੁੰਦੀ ਹੈ।

5 ਉਨ੍ਹਾਂ ਦਾ ਉਪਦੇਸ਼ ਇਸ ਪ੍ਰਕਾਰ ਗੂੰਜਦਾ ਹੈ ਜਿਵੇਂ ਗੁਫਾ ਜਾਂ ਮਹਿਲਾਂ ਵਿਚ ਆਵਾਜ।

6 ਉਨ੍ਹਾਂ ਦੇ ਵਚਨ ਘੀ ਦੀ ਤਰਾਂ ਚਿਕਨੇ ਅਤੇ ਸ਼ਹਿਦ ਦੀ ਤਰ੍ਹਾਂ ਮਿੱਠੇ ਹੁੰਦੇ ਹਨ।

7 ਉਨ੍ਹਾਂ ਦੇ ਵਚਨਾਂ ਤੋਂ 62 ਰਾਗ ਅਤੇ 30 ਰਾਗਣੀਆਂ ਪ੍ਰਗਟ ਹੁੰਦੀਆਂ ਹਨ। ਜਿਨ੍ਹਾਂ ਨੂੰ ਸੁਣ ਕੇ ਸਰੋਤੇ ਝੂਮ ਉਠਦੇ ਹਨ।

8 ਤੀਰਥੰਕਰ ਦੀ ਬਾਣੀ ਘਟ ਸ਼ਬਦਾ ਵਾਲੀ ਤੇ ਜਿਆਦਾ ਅਰਥਾਂ ਨਾਲ ਭਰਪੂਰ ਹੁੰਦੀ ਹੈ।

9 ਉਨਾਂ ਦਾ ਉਪਦੇਸ਼ ਵਿਚ ਕੋਈ ਅਜੇਹੀ ਗੱਲ ਨਹੀਂ ਹੁੰਦੀ ਜੋ ਇਕ ਦੂਸਰੀ ਨਾਲ ਟਕਰਾਵੇ।

10 ਇਹ ਉਪਦੇਸ਼ ਬਿਨਾਂ ਰੁਕਾਵਟ ਤੋਂ ਚਲਦਾ ਹੈ।

11 ਤੀਰਥੰਕਰਾਂ ਦਾ ਉਪਦੇਸ਼ ਸਪਸ਼ਟ ਤੇ ਸ਼ੱਕ ਰਹਿਤ ਹੁੰਦਾ ਹੈ।

12 ਇਹ ਉਪਦੇਸ਼ ਦੋਸ਼ ਰਹਿੱਤ ਹੁੰਦਾ ਹੈ।

13 ਇਸ ਉਪਦੇਸ਼ ਨੂੰ ਸਰੋਤੇ ਇਕ ਮਨ ਹੋ ਕੇ ਸੁਣਦੇ ਹਨ।

14 ਤੀਰਥੰਕਰ ਦੇਸ਼ ਦੀ ਸਥਿਤੀ ਨੂੰ ਵੇਖ ਕੇ ਉਪਦੇਸ਼ ਕਰਦੇ ਹਨ।

15 ਤੀਰਥੰਕਰ ਅਰਥ ਭਰਪੂਰ ਗੱਲਾਂ ਕਰਦੇ ਹਨ। ਇਧਰ ਉਧਰ ਦੀਆਂ ਗੱਲਾਂ ਨਾਲ ਸਮਾਂ ਖਤਮ ਨਹੀਂ ਕਰਦੇ।

16 ਤੀਰਥੰਕਰ ਜੀਵ ਅਜੀਵ ਆਦਿ 9 ਤੱਤਾਂ ਦਾ ਉਪਦੇਸ਼ ਸਾਰ ਭਰਪੂਰ ਸ਼ਬਦਾਂ ਵਿਚ ਕਰਦੇ ਹਨ

17 ਸੰਸਾਰਿਕ ਕੰਮਾਂ ਦਾ ਵਰਨਣ ਸੰਖੇਪ ਵਿਚ ਕਰਦੇ ਹਨ ।

18 ਤੀਰਥੰਕਰ ਦੀ ਵਾਣੀ ਨੂੰ ਬੱਚਾ ਵੀ ਸਮਝ ਸਕਦਾ ਹੈ ।

19 ਤੀਰਥੰਕਰ ਅਪਣੇ ਉਪਦੇਸ ਵਿਚ ਆਪਣੀ ਪ੍ਰਸੰਸਾ ਜਾਂ ਕਿਸੇ ਹੋਰ ਦੀ ਨਿੰਦਾ ਨਹੀਂ ਕਰਦੇ ।

20 ਤੀਰਥੰਕਰਾਂ ਦੀ ਬਾਣੀ ਦੁੱਧ ਤੇ ਮਿਸਰੀ ਦੀ ਤਰ੍ਹਾਂ ਮਿੱਠੀ ਹੁੰਦੀ ਹੈ ।

21 ਕਿਸੇ ਦੇ ਗੁਪਤ ਭੇਦ ਵੀ ਤੀਰਥੰਕਰ ਪ੍ਰਗਟ ਨਹੀਂ ਕਰਦੇ ।

22 ਤੀਰਥੰਕਰ ਕਿਸੇ ਆਦਮੀ ਦੀ ਖੁਸ਼ਾਮਦ ਨਹੀਂ ਕਰਦੇ, ਪਰ ਸੱਚੇ ਗੁਣਾਂ ਨੂੰ ਪ੍ਰਗਟ ਜ਼ਰੂਰ ਕਰਦੇ ਹਨ ।

23 ਉਨ੍ਹਾਂ ਦਾ ਉਪਦੇਸ਼ ਲੋਕ ਭਲਾਈ ਲਈ ਅਤੇ ਆਤਮਾ ਦੇ ਕਲਿਆਣ ਲਈ ਹੁੰਦਾ ਹੈ ।

24 ਉਹ ਵਚਨ ਰਾਹੀਂ ਆਤਮਾ ਨੂੰ ਛਿੰਨ ਭਿੰਨ ਨਹੀਂ ਕਰਦੇ ।

25 ਉਹ ਆਪਣੀ ਭਾਸ਼ਾ ਵਿਚ ਸ਼ੁਧ ਸ਼ਬਦਾਂ ਦੀ ਵਰਤੋਂ ਕਰਦੇ ਹਨ ।

26 ਉਹ ਨਾ ਹੀ ਜੋਰ ਨਾਲ ਬੋਲਦੇ ਹਨ ਨਾ ਹੀ ਹੌਲੀ । ਸਗੋਂ ਦਰਮਿਆਨੀ ਭਾਸ਼ਾਂ ਬੋਲਦੇ ਹਨ ।

27 ਉਨਾਂ ਦੇ ਭਾਸਨ ਨੂੰ ਸੁਣ ਕੇ ਲੋਕ ਧੰਨ ਧੰਨ ਕਹਿ ਉਠਦੇ ਹਨ ।

28 ਉਹ ਭਾਸਨ ਇਕ ਤਰੀਕੇ ਨਾਲ ਦਿੰਦੇ ਹਨ ਕਿ ਸੁਣਨ ਵਾਲਿਆ ਦੇ ਸਾਹਮਣੇ ਇਕ ਤਸਵੀਰ ਬਣ ਜਾਂਦੀ ਸੀ ।

29 ਧਰਮ ਉਪਦੇਸ ਕਰਨ ਲੱਗੇ ਵਿਚਕਾਰ ਵਿਚ ਉਹ ਆਰਾਮ ਨਹੀਂ ਕਰਦੇ ।

30 ਉਨ੍ਹਾਂ ਦੇ ਭਾਸਨ ਵਿਚ ਜੋ ਵੀ ਆਉਂਦਾ ਹੈ ਉਸ ਦੇ ਸਕ ਬਿਨਾਂ ਪੁਛੇ ਦੂਰ ਹੋ ਜਾਦੇ ਹਨ ।

31 ਉਹ ਜੋ ਆਖਦੇ ਹਨ ਸੁਣਨ ਵਾਲੇ ਉਸ ਨੂੰ ਦਿਲ ਵਿਚ ਵਸਾ ਲੈਂਦੇ ਹਨ ।

32 ਤੀਰਥੰਕਰਾਂ ਦਾ ਉਪਦੇਸ ਹਰ ਪੱਖੋਂ ਸਹੀ ਹੁੰਦਾ ਹੈ ਉਲਟ ਪੁਲਟ ਨਹੀਂ ਹੁੰਦਾ ।

33 ਉਨ੍ਹਾਂ ਦੇ ਵਾਕ ਪ੍ਰਭਾਵਸਾਲੀ ਤੇ ਤੇਜਸਵੀ ਹੁੰਦੇ ਹਨ ।

34 ਉਹ ਹਰ ਤੱਥ ਦਾ ਦਰਿੜਤਾ ਨਾਲ ਵਰਨਣ ਕਰਦੇ ਹਨ ।

35 ਉਹ ਉਪਦੇਸ ਕਰਦੇ ਕਦੇ ਵੀ ਨਹੀਂ ਥਕਦੇ ।

# ਭਗਵਾਨ ਰਿਸ਼ਵਦੇਵ ਜੀ

ਵਰਤਮਾਨ ਕਾਲ ਵਿਚ ਜੈਨ ਧਰਮ ਦੇ ਪਹਿਲੇ ਤੀਰਥੰਕਰ ਭਗਵਾਨ ਰਿਸਵਦੇਵ ਸਨ । ਆਪ ਦਾ ਵਰਨਣ ਹਿੰਦੂ ਧਰਮ ਗ੍ਰੰਥ ਵੇਦ, ਪੁਰਾਣ ਵਿਚ ਵੀ ਮਿਲਦਾ ਹੈ । ਹਿੰਦੂ ਪੁਰਾਣਾਂ ਵਿਚ ਆਪ ਨੂੰ ਵਿਸ਼ਨੂੰ ਦਾ ਅਵਤਾਰ ਮਨਿਆ ਜਾਂਦਾ ਹੈ ।

ਜੈਨ ਪ੍ਰੰਪਰਾ ਅਨੁਸਾਰ ਅ ਪ ਦਾ ਜਨਮ ਉਸ ਸਮੇਂ ਹੋਇਆ ਜਦੋਂ ਮਨੁੱਖ ਦਾ ਜੀਵਨ ਕੁਦਰਤ ਤੇ ਨਿਰਭਰ ਸੀ । ਭੋਗ ਭੂਮੀ ਸੀ, ਮਨੁੱਖ ਸਾਰੀਆਂ ਜਰੂਰਤਾਂ ਜੰਗਲਾਂ ਤੋਂ ਪੂਰੀਆਂ ਕਰਦਾ ਸੀ । ਉਸ ਸਮੇਂ ਨਾ ਕੋਈ ਰਾਜਾ ਸੀ, ਨਾ ਪਰਜਾ, ਨਾ ਦੇਸ, ਨਾ ਧਰਮ । ਲੋਕਾਂ ਦੀਆਂ ਜਰੂਰਤਾਂ ਬਹੁਤ ਘੱਟ ਸਨ । ਇਸਤਰੀ ਪੁਰਸ਼ ਇਕੱਠੇ ਜਨਮ ਲੈਂਦੇ ਸਨ । ਇਹੋ ਬੜੇ ਹੋ ਕੇ ਪਤੀ ਪਤਨੀ ਦਾ ਰੂਪ ਧਾਰਨ ਕਰ ਲੈਂਦੇ ਸਨ । ਵਿਆਹ, ਘਰ, ਰਸਮ, ਰਿਵਾਜ, ਤੇ ਕਲਾ ਕੁਝ ਨਹੀਂ ਸੀ । ਜ਼ਿੰਦਗੀ ਦੀਆਂ ਜ਼ਰੂਰਤਾਂ ਕਲਪ ਵਿਰਖ ਤੋਂ ਪੂਰੀਆਂ ਹੁੰਦੀਆਂ ਸਨ । ਸਮਾਂ ਪੈਣ ਤੇ ਕਲਪ ਵਿਰਖ ਖਤਮ ਹੋਣ ਲੱਗੇ, ਮਨੁੱਖਾਂ ਵਿਚ ਆਬਾਦੀ ਦਾ ਵਾਧਾ ਹੋਣ ਲੱਗਾ, ਲੋਕਾਂ ਨੂੰ ਕਈ ਤਰਾਂ ਦੀਆਂ ਸਮੱਸਿਆਵਾਂ ਆਉਣ ਲੱਗੀਆਂ । ਅਜੇਹੇ ਸਮੇਂ ਜੈਨ ਪ੍ਰੰਪਰਾ ਅਨੁਸਾਰ 15 ਕੁਲਕਰ ਹੋਏ । ਇਹ ਕੁਲਕਰ ਕਬੀਲਿਆਂ ਦੇ ਸਰਦਾਰਾਂ ਦੀ ਤਰ੍ਹਾਂ ਸਨ । ਆਖਰੀ ਕੁਲਕਰ ਕਹਿ ਨਾਭੀ ਰਾਏ ਜੀ ਸਨ ਆਪ ਦੀ ਪਤਨੀ ਮਾਤਾ ਮਰੂ ਦੇਵੀ ਜੀ ਸਨ । ਆਪਦੇ ਘਰ ਚੇਤਰ ਕ੍ਰਿਸ਼ਨ ਅਸਟਮੀ ਨੂੰ ਭਗਵਾਨ ਰਿਸਵ ਦੇਵ ਦਾ ਜਨਮ ਹੋਇਆ । ਤੀਰਥੰਕਰ ਗੋਤਰ ਦੇ ਕਾਰਣ ਆਪ ਨੂੰ ਤਿੰਨ ਗਿਆਨ ਹਾਸਲ ਸਨ

ਆਪ ਨੇ ਪੁਰਸਾਂ ਨੂੰ 72 ਕਲਾਵਾਂ ਅਤੇ ਇਸਤਰੀਆਂ ਨੂੰ 64 ਕਲਾਵਾਂ ਸਿਖਾਇਆ । ਆਪਨੇ ਮਨੁੱਖ ਜਾਤੀ ਨੂੰ 6 ਜੀਵਨ ਜਰੂਰੀ ਸਾਧਨ ਪ੍ਰਦਾਨ ਕੀਤੇ ਜ ਇਸ ਪ੍ਰਕਾਰ ਸਨ (1) ਖੇਤੀ (2) ਯੁੱਧ ਕਲਾ (3) ਲਿਖਣ ਵਿੱਦਿਆ (4) ਸਿਲਪ (5) ਵਿਉਪਾਰ (6) ਪੜਨਾ ਆਪ ਦੀਆਂ ਦੋ ਪਤਨੀਆਂ ਸਨ ਸੁਮੰਗਲਾ ਤੇ ਸੁਨੰਦਾ । ਇਨਾਂ ਪਤਨੀਆਂ ਤੋਂ ਆਪ ਭਰਤ, ਬਾਹੂਬਲੀ ਜੇਹੇ 100 ਪੁੱਤਰ ਅਤੇ ਬ੍ਰਹਮੀ, ਸੁਦਰੀ ਆਦਿ ਦੋ ਪੁਤਰੀਆਂ ਪੈਦਾ ਹੋਈਆ । ਆਪ ਦੇ ਪਹਿਲੇ ਪੁੱਤਰ ਭਰਤ ਚੱਕਰਵਰਤੀ ਸਨ । ਜਿਨ੍ਹਾਂ ਘਰ ਵਿੱਚ ਰਹਿ ਕੇ ਕੇਵਲ ਗਿਆਨ ਪ੍ਰਾਪਤ ਕੀਤਾ ਸੀ । ਆਪ ਦੀ ਪੁੱਤਰੀ ਬ੍ਰਹਮੀ ਨੇ ਬ੍ਰਾਹਮੀ ਲੀਪੀ ਦਾ ਆਵਿਸਕਾਰ ਕੀਤਾ ! ਸੁੰਦਰੀ ਗਣਿਤ ਦੀ ਮਾਹਿਰ ਸੀ । ਭਗਵਾਨ ਰਿਸਵਦੇਵ ਇਸਤਰੀਆਂ ਨੂੰ ਸਿੱਖਿਆ ਦੇਣ ਵਾਲੇ ਪਹਿਲੇ ਅਧਿਆਪਕ ਸਨ । ਆਪ ਪਹਿਲੇ ਰਾਜਾ, ਸ਼ਿਲਪੀ, ਧਰਮ ਚੱਕਰਵਰਤੀ, ਤੀਰਥੰਕਰ, ਕਾਨੂੰਨ ਨੀਤੀ ਤੇ ਸੰਸਥਾਪਕ ਸਨ । ਆਪ ਨੇ ਮਨੁੱਖਾਂ ਨੂੰ ਘਰ ਬਣਾਉਣਾ ਸਿਖਾਇਆ, ਵਿਆਹ ਦੀ ਰਸਮ ਚਾਲੂ ਕਰ ਕੇ ਪਰਿਵਾਰ ਦੀ ਸੰਸਥਾ ਨੂੰ ਜਨਮ ਦਿੱਤਾ । ਆਪਨੇ ਅਯੋਧਿਆ ਨਗਰੀ ਦਾ ਨਿਰਮਾਨ ਕਰਕੇ ਉਸ ਨੂੰ ਰਾਜਧਾਨੀ ਬਣਾਇਆ ।

ਲੰਮਾ ਸਮਾਂ ਰਾਜ ਕਰਨ ਤੋਂ ਬਾਅਦ ਆਪਣੇ ਦੇਵਤਿਆਂ ਦੀ ਪ੍ਰੇਰਣਾ ਨਾਲ ਸਾਧੂ ਜੀਵਨ ਗ੍ਰਹਿਣ ਕੀਤਾ । ਆਪ ਨੇ ਸਾਧੂ ਬਣਨ ਤੋਂ ਪਹਿਲਾ ਆਪ ਨੇ ਸਾਰਾ ਰਾਜ ਆਪਣੇ ਪੁੱਤਰਾਂ ਵਿਚ ਵੰਡ ਦਿੱਤਾ।

ਭਗਵਾਨ ਰਿਸ਼ਵਦੇਵ ਨੇ ਲੰਬਾ ਸਮਾਂ ਤਪ ਕੀਤਾ । ਉਹਨਾਂ ਨਾਲ 4000 ਰਾਜੇ ਵੀ ਸਾਧੂ ਬਣ ਗਏ । ਪਰ ਤਪੱਸਿਆ ਨਾ ਕਰ ਸਕਣ ਕਾਰਨ ਉਹ ਭਗਵਾਨ ਰਿਸ਼ਵਦੇਵ ਦਾ ਸਾਥ ਛੱਡ ਗਏ । ਇਹ

ਰਾਜੇ ਕੁਟਿਆਂ ਬਣਾਕੇ ਰਹਿਣ ਲੱਗ ਪਏ। ਇਹਨਾ ਭਟਕੇ ਮੁਨੀਆਂ ਨੇ 363 ਮੱਤਾਂ ਨੂੰ ਜਨਮ ਦਿੱਤਾ

ਭਗਵਾਨ ਰਿਸ਼ਵਦੇਵ ਨੂੰ ਇੱਕ ਸਾਲ ਭਿੱਖਿਆ ਨਾ ਮਿਲੀ ਕਿਉਂਕਿ ਲੋਕ ਦਾਨ ਦੇਣਾ ਨਹੀਂ ਜਾਣਦੇ ਸਨ। ਇੱਕ ਵਾਰ ਆਪ ਹਸਤਾਨਪੁਰ ਪੁੱਜੇ। ਉਥੇ ਆਪਣੇ ਪੋਤੇ ਸਰੇਆਂਸ਼ ਕੁਮਾਰ ਨੇ ਗੰਨੇ ਦਾ ਰਸ ਆਪ ਨੂੰ ਦਾਨ ਕੀਤਾ। ਇਸ ਦਿਨ ਨੂੰ ਜੈਨ ਧਰਮ ਵਿੱਚ ਬਹੁਤ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਇਹ ਦਿਨ ਅਖਿਆ ਤੀਜ ਸੀ। ਭਗਵਾਨ ਰਿਸ਼ਵਦੇਵ ਨੂੰ ਫੱਗਣ ਕ੍ਰਿਸ਼ਨਾ 11 ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। ਆਪਣੇ ਆਪਨਾ ਪਹਿਲਾਂ ਧਰਮ ਉਪਦੇਸ ਦਿੱਤਾ। ਧਰਮ ਤੀਰਥ ਦੀ ਸਥਾਪਨਾ ਕੀਤੀ। ਆਪਦੇ 98 ਪੁੱਤਰਾਂ ਨੇ ਰਾਜ ਪਾਟ ਛੱਡ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਬ੍ਰਾਹਮੀ ਅਤੇ ਸੁੰਦਰੀ ਨੇ ਸਾਧਵੀ ਜੀਵਨ ਗ੍ਰਹਿਣ ਕੀਤਾ। ਆਪਦੇ ਛੋਟੇ ਪੁੱਤਰ ਬਾਹੂਬਲੀ ਨੇ ਬ੍ਰਾਹਮੀ ਸੁੰਦਰੀ ਦੇ ਉਪਦੇਸ਼ ਸਦਕਾ ਯੁੱਧ ਦੇ ਮੈਦਾਨ ਵਿਚ ਹੀ ਕੇਵਲਯ ਗਿਆਨ ਪ੍ਰਾਪਤ ਕੀਤਾ। ਆਪ ਸਭਕੁਝ ਜਾਨਣ ਵੇਖਣ ਵਾਲੇ ਸਰਵੱਗ ਬਨ ਗਏ।

ਆਪਦੇ ਨਿਰਵਾਨ ਮਾਘ ਕ੍ਰਿਸ਼ਨਾ 13 ਨੂੰ ਅਸਟਾਪਦ ਪਹਾੜ ਤੇ 10000 ਸਾਧੂਆਂ ਨਾਲ ਹੋਇਆ। ਭਗਵਾਨ ਰਿਸ਼ਵਦੇਵ ਦਾ ਪ੍ਰਚਾਰ ਖੇਤਰ ਬਹੁਤ ਵਿਸ਼ਾਲ ਸੀ। ਆਪਦੇ 84000 ਮੁਨੀ ਅਤੇ ਤਿੰਨ ਲੱਖ ਸਾਧਵੀਆਂ ਸਨ। ਆਪ ਦਾ ਚਿਨ੍ਹ ਬੈਲ ਹੈ। ਸੇਵਕ ਯੁਕਸ਼ ਗੋਮੁਖ ਯਕਸ਼ਨੀ ਚਕਰੇਸ਼ਵਰੀ ਦੇਵੀ ਹਨ।

# ਭਗਵਾਨ ਅਜੀਤਨਾਥ ਜੀ

ਤੀਰਥੰਕਰ ਅਜੀਤਨਾਥ ਦਾ ਜਨਮ ਅਯੋਧਿਆ ਵਿਖੇ ਇਸਵਾਕੂ ਬੰਸ਼ ਦੇ ਰਾਜਾ ਜਿਤਸ਼ਤਰੂ ਤੇ ਮਹਾਰਾਣੀ ਵਿਜੇ ਦੇਵੀ ਦੇ ਘਰ ਹੋਇਆ। ਆਪ ਦਾ ਜਨਮ ਮਾਘ ਸੁਕਲਾ ਅਸ਼ਟਮੀ ਨੂੰ ਹੋਇਆ ਲੰਬਾ ਸਮਾਂ ਰਾਜ ਸੁਖ ਭੋਗ ਕੇ ਆਪਨੇ ਮਾਘ ਕ੍ਰਿਸ਼ਨਾ 9 ਨੂੰ ਸਾਧੂ ਜੀਵਨ ਗ੍ਰਹਿਣ ਕੀਤਾ।

ਆਪ ਨੇ ਲੰਮਾ ਸਮਾਂ ਜੰਗਲ ਵਿਚ ਤਪ ਕਰਕੇ ਆਪਣੇ ਪਿਛਲੇ ਕੀਤ ਕਰਮਾ ਦਾ ਨਾਸ਼ ਕੀਤਾ। ਪੋਹ ਕ੍ਰਿਸ਼ਨਾ 11 ਨੂੰ ਆਪ ਨੂੰ ਕੇਵਲਯ ਗਿਆਨ ਪ੍ਰਾਪਤ ਹੋ ਗਿਆ। ਆਪ ਦਾ ਨਿਰਵਾਨ ਬਿਹਾਰ ਵਿਖੇ ਸਮੇਤ ਸ਼ਿਖਰ (ਪਾਰਸ਼ਨਾਥ ਹਿਲ) ਵਿਖੇ ਚੇਤ ਸੁਕਲਾ 5 ਨੂੰ 1000 ਮੁਨੀਆਂ ਨਾਲ ਹੋਇਆ ਆਪਨੇ 4 ਮਹਾਵਰਤਾਂ ਦਾ ਉਪਦੇਸ਼ ਸਾਧੂ ਸਾਧਵੀਆਂ ਨੂੰ ਦਿੱਤਾ। ਜੋ 23 ਵੇ ਤੀਰਥੰਕਰ ਭਗਵਾਨ ਪਾਰਸ਼ ਨਾਥ ਤੱਕ ਚਲਦਾ ਰਿਹਾ। ਉਨ੍ਹਾਂ ਬ੍ਰਹਮ ਚਰਜ ਤੇ ਅਪਰਿਗ੍ਰਹਿ ਵਰਤਾ ਨੂੰ ਇਕ ਸ਼੍ਰੇਣੀ ਵਿਚ ਰੱਖ ਦਿੱਤਾ। ਆਪ ਦਾ ਚਿਨ੍ਹ ਹਾਥੀ ਹੈ। ਆਪ ਦੇ ਯਕਸ਼ ਦਾ ਨਾਂ ਮਹਾਂਯਕਸ਼ ਤੇ ਯਕਸ਼ਨੀ ਦਾ ਨਾਂ ਰੋਹਣੀ ਜਾਂ ਅਜੀਤਬਲਾ ਹੈ।

# ਭਗਵਾਨ ਸੰਭਵ ਨਾਥ ਜੀ

ਆਪ ਸ਼੍ਰਾਵਸਤੀ (ਵਰਤਮਾਨ ਸਹੇਠ ਮਹੇਠ) ਨਗਰੀ ਦੇ ਰਾਜਾ ਜਿਤਾਰੀ ਦੀ ਰਾਣੀ ਸੈਨਾ ਦੇਵੀ ਦੇ ਸਪੁੱਤਰ ਸਨ। ਪਿਛਲੇ ਜਨਮ ਵਿਚ ਆਪਨੇ ਵਿਪੁਲਵਾਹਨ ਰਾਜਾ ਦੇ ਜਨਮ ਵਿਚ ਸਾਰਾ ਖਜ਼ਾਨਾ ਪਰਜਾ ਨੂੰ ਦਾਨ ਕਰ ਦਿੱਤਾ ਸੀ। ਆਪ ਦਾ ਜਨਮ ਮੱਘਰ ਸੁਕਲ 14 ਤੇ ਦੀਖੀਆ ਮਿਤੀ ਮਾਘ ਸੁਕਲ ਪੂਰਨਮਸੀ ਹੈ। ਲੰਬਾ ਸਮਾਂ ਜੰਗਲਾਂ ਵਿਚ ਰਹਿ ਕੇ ਆਪਨੇ ਮਾਤਰਾ ਰਾਹੀਂ ਆਤਮਾ

ਦੀ ਖੋਜ ਕੀਤੀ । ਕੱਤਿਕ ਕ੍ਰਿਸ਼ਨਾ 5 ਨੂੰ ਆਪ ਨੂੰ ਸੁਵਰਗ, ਸਰਵਦਰਸੀ ਅਰਿਹੰਤ ਪਦ ਦਿਵਾਉਣ ਵਾਲਾ ਕੇਵਲ ਗਿਆਨ ਪ੍ਰਾਪਤ ਹੋਇਆ । ਲੰਬਾ ਸਮਾਂ ਧਰਮ ਪ੍ਰਚਾਰ ਕਰਨ ਤੋਂ ਵਾਪਸ ਆਪ 1000 ਸਾਧੂਆ ਸਮੇਤ ਸਿਖਰ ਪੁੱਜੇ । ਜਿਥੇ ਚੇਤ ਸੁਕਲਾ 5 ਨੂੰ ਆਪ ਨੂੰ ਪਰਮਾਤਮਾ (ਸਿਧ) ਪਦ ਪ੍ਰਾਪਤ ਹੋਇਆ । ਆਪ ਦਾ ਸਰੀਰਕ ਚਿਨ੍ਹ ਘੋੜਾ ਹੈ । ਤਰਿਮੁਖ ਯਕਸ਼ ਤੇ ਪ੍ਰਗਪਤਿ ਜਾਂ ਦੁਰਤਾਰੀ ਯਕਸ਼ਨੀ ਆਪ ਦੇ ਧਰਮ ਸੰਘ ਰਖਿਅੱਕ ਸ਼ਾਸਨਦੇਵ ਹਨ ।

# ਭਗਵਾਨ ਅਭਿਨੰਦਨ ਜੀ

ਆਪ ਵੀ ਅਯੋਧਿਆ ਨਿਵਾਸੀ ਸਨ । ਆਪ ਦੇ ਪਿਤਾ ਰਾਜਾ ਸੰਬਰ ਤੇ ਮਾਤਾ ਰਾਣੀ ਸਿਪਾਰਥਾ ਸਨ ਆਪ ਦਾ ਜਨਮ ਮਾਘ ਸੁਕਲਾ 2 ਨੂੰ ਹੋਇਆ । ਲੰਬਾ ਸਮਾਂ ਸੰਸਾਰ ਦੇ ਸੁਖ ਭੋਗ ਕੇ ਆਪਣੇ ਮਾਘ ਸੁਕਲਾ 12 ਨੂੰ ਆਪਨੇ ਸਾਧੂ ਜੀਵਨ ਗ੍ਰਹਿਣ ਕੀਤਾ । ਲੰਬਾ ਸਮਾਂ ਤਪ ਕਰਨ ਤੋਂ ਬਾਅਦ ਪੋਹ ਕ੍ਰਿਸ਼ਨਾ 14 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ । ਲੰਬਾ ਸਮਾਂ ਸੰਸਾਰ ਵਿਚ ਤੀਰਥੰਕਰ ਦੇ ਰੂਪ ਵਿਚ ਧਰਮ ਪ੍ਰਚਾਰ ਕਰਨ ਤੋਂ ਬਾਅਦ ਵੈਸਾਖ ਸੁਕਲਾ 8 1000 ਸਾਧੂਆ ਨਾਲ ਆਪ ਸਮੇਤ ਸਿਖਰ ਪਹਾੜ ਤੇ ਪੁਜੇ । ਜਿਥੇ ਆਪ ਦਾ ਨਿਰਵਾਨ ਹੋਇਆ । ਆਪ ਦਾ ਸਰੀਰਕ ਚਿਨ੍ਹ ਬਾਂਦਰ ਹੈ । ਆਪ ਦੇ ਸੰਘ ਦੇ ਸੇਵਕ ਯਕਸ਼ ਯਕਸ਼ਨਾਇਕ ਹੈ ਬ੍ਰਿਜਸ਼ਿਅਲਾ ਜਾਂ ਕਾਲਕਾ ਆਪ ਦੀ ਯਕਸ਼ਨੀ ਹੈ ।

# ਭਗਵਾਨ ਸੁਮਤਿਨਾਥ ਜੀ

ਆਪ ਦਾ ਜਨਮ ਵੈਸਾਖ ਸੁਕਲਾ ਨੂੰ ਅਯੋਧਿਆ ਸਮਰਾਟ ਮੇਘਰਥ ਦੀ ਮਹਾਰਾਨੀ ਸੁਮੰਗਲਾ ਘਰ ਹੋਇਆ । ਆਪ ਨੇ ਰਾਜਕੁਮਾਰਾ ਵਾਲੇ ਸਾਰੇ ਭੋਗ ਭੋਗੇ । ਫੇਰ ਦੇਵਤਿਆਂ ਦੀ ਪ੍ਰੇਰਣਾ ਨਾਲ ਵੈਸਾਖ ਸੁਕਲਾ 9 ਨੂੰ ਆਪਣੇ ਸਾਰੇ ਸੁੱਖਾਂ ਨੂੰ ਠੋਕਰ ਮਾਰ ਦਿੱਤੀ । ਫਕੀਰੀ ਗ੍ਰਹਿਣ ਕਰਕੇ ਜੰਗਲ ਦਾ ਰਾਹ ਲਿਆ ਲੰਬਾ ਸਮਾਂ ਜੰਗਲਾਂ ਦੇ ਕਸ਼ਟ ਝੱਲਨ ਤੋਂ ਬਾਅਦ ਮਿਤੀ ਚੇਤ ਸੁਕਲਾ 11ਆਪ ਨੂੰ ਕੇਵਲ ਗਿਆਨ ਪ੍ਰਪਤ ਹੋਇਆ । ਲੰਬਾ ਸਮਾਂ ਤੀਰਥੰਕਰ ਪਦ ਦੇ ਰੂਪ ਵਿਚ ਅਨੰਤ ਆਤਮਾਵਾਂ ਨੂੰ ਆਪ ਨੇ ਸੱਚੇ ਧਰਮ ਦਾ ਰਾਹ ਦੱਸਿਆ] ਚੇਤ ਸੁਕਲਾ 9 ਨੂੰ ਆਪ ਇੱਕ ਹਜਾਰ ਮੁਨੀਆਂ ਨਾਲ ਸਮੇਤ ਸਿਖਰ ਪਹਾੜ ਤੇ ਮੋਕਸ ਪਧਾਰੇ । ਆਪ ਦਾ ਸਰੀਰਕ ਚਿਨ੍ਹ ਕਰੌਂਚ ਪੰਛੀ ਹੈ । ਆਪਦੇ ਸੇਵਕ ਯਕਸ਼ ਤੁੰਬਰੂ ਤੇ ਯਕਸਨੀ ਪੁਰਦਸਤਾ ਜਾਂ ਮਹਾਕਾਲੀ ਹਨ ।

# ਭਗਵਾਨ ਪਦਮ ਪ੍ਰਭੂ ਜੀ

ਆਪ ਜੀ ਦਾ ਜਨਮ ਕੌਸ਼ਾਂਬੀ ਨਰੇਸ਼ ਸ੍ਰੀਧਰ ਦੀ ਮਹਾਰਾਣੀ ਸੁਸੀਮਾ ਦੀ ਕੁਖੋਂ ਕੱਤਕ ਕ੍ਰਿਸਨਾ 12 ਨੂੰ ਹੋਇਆ ਲੰਬਾ ਸਮਾਂ ਰਾਜ ਸੁੱਖ ਭੋਗੇ ਕੱਤਕ ਕ੍ਰਿਸਨਾ 13 ਨੂ ਆਪਣੇ ਸਾਧੂ ਜੀਵਨ ਗ੍ਰਹਿਣ ਕੀਤਾ । ਚੇਤਰ ਸੁਕਲਾ ਪੂਰਨਮਾਸੀ ਨੂੰ ਆਪ ਜੀ ਨੂੰ ਕੇਵਲ ਗਿਆਨ ਪ੍ਰਪਤ ਹੋ ਗਿਆ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਕੇ ਆਪ ਨੇ ਲੰਬਾ ਸਮਾਂ ਧਰਮ ਪ੍ਰਚਾਰ ਕੀਤਾ । ਮੱਘਰ ਕ੍ਰਿਸਨਾ 11 ਨੂੰ ਆਪ ਨੇ 1000 ਮੁਨੀਆ ਨਾਲ ਸਮੇਤ ਸਿਖਰ ਵਿਖੇ ਮੋਕਸ ਪਧਾਰੇ । ਆਪ ਦਾ ਦਾ ਸਰੀਰਕ ਚਿਨ੍ਹ ਕਮਲ ਹੈ । ਆਪ ਦੇ ਸੇਵਕ ਯਕਸ ਮਨੋਵੇਗਾ ਜਾਂ ਮਨੋਗੁਪਤਾ ਤੇ ਯਕਸਨੀ ਗਿਆਮਾ ਜਾਂ ਅਚੁਪਤਾ ਹੈ ।

# ਭਗਵਾਨ ਸੁਪਾਰਸ਼ਵਨਾਥ ਜੀ

ਆਪ ਕਾਂਸੀ ਦੇ ਰਾਜਾ ਪ੍ਰਤਿਸ਼ਟਸੇਨ ਤੇ ਮਹਾਰਾਣੀ ਪ੍ਰਿਥਵੀ ਦੇ ਸਪੁੱਤਰ ਸਨ। ਆਪ ਦਾ ਜਨਮ ਜੇਠ ਸ਼ੁਕਲਾ 12 ਨੂੰ ਹੋਇਆ। ਜੇਠ ਸ਼ੁਕਲਾ 13 ਨੂੰ ਆਪ ਨੂੰ ਸੰਸਾਰਕ ਸੁਖਾਂ ਨੂੰ ਠੋਕਰ ਮਾਰਕੇ ਸਾਧੂ ਜੀਵਨ ਗ੍ਰਹਿਣ ਕੀਤਾ। ਲੰਬਾ ਸਮਾਂ ਤਪ ਕਰਨ ਤੋਂ ਬਾਅਦ ਫਗੁਣ ਕ੍ਰਿਸਨਾ 6 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਲੋਕਾਂ ਨੂੰ ਸੱਚਾ ਮਾਰਗ ਦਾ ਉਪਦੇਸ ਦਿੰਦੇ ਹੋਏ ਭਾਦੋਂ ਕ੍ਰਿਸਨਾ 7 ਨੂੰ ਆਪ ਸਿਖਰ ਪੁਜੇ। ਜਿਥੇ ਇਕ ਹਜਾਰ ਮੁਨੀਆਂ ਨਾਲ ਆਪ ਮੋਕਸ਼ ਪਧਾਰੇ। ਆਪ ਦਾ ਸਰੀਰਕ ਚਿਨ੍ਹ ਸਵਾਸਤਿਕ ਜਾਂ ਨੰਦਾਵਰਤ ਹੈ। ਆਪ ਦਾ ਸੇਵਕ ਯਕਸ ਬਰਦਿਤ ਜਾਂ ਮਾਤੰਗ ਹੈ। ਕਾਲੀ ਜਾਂ ਸ਼ਾਂਤੀ ਆਪ ਜੀ ਦੀ ਸੇਵਕ ਯਕਸਨੀ ਹੈ।

# ਭਗਵਾਨ ਚੰਦਰਪ੍ਰਭੂ ਜੀ

ਚੰਦਰਪੁਰੀ ਦੇ ਪ੍ਰਤਾਪੀ ਰਾਜਾ ਮਹਾਸੇਨ ਦੀ ਲਕਸਮਣਾ ਰਾਣੀ ਦੀ ਕੁਖੋਂ ਆਪ ਦਾ ਜਨਮ ਪੋਹ ਸੁਕਲਾ 12 ਨੂੰ ਹੋਇਆ। ਲੰਬਾ ਸਮਾਂ ਸੰਸਾਰ ਦੇ ਸੁਖ ਭੋਗੇ। ਝੂਠੇ ਸੁਖਾਂ ਨੂੰ ਪੋਹ ਕ੍ਰਿਸਨਾ 13 ਨੂੰ ਆਪ ਨੇ ਠੋਕਰ ਮਾਰ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਤਪ ਕਰਕੇ ਆਪ ਨੂੰ ਫਗੁਣ 7 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ ਲੰਬਾ ਸਮਾਂ ਧਰਮ ਪ੍ਰਚਾਰ ਕਰਦੇ ਹੋਏ ਆਪ ਭਾਦੋਂ ਕ੍ਰਿਸ਼ਨਾ 7 ਨੂੰ ਸਮੇਤ ਸਿਖਰ ਪਹਾੜ ਤੇ ਪੁਜੇ। 1000 ਮੁਨੀਆਂ ਨਾਲ ਆਪਨੇ ਨਿਰਵਾਨ ਹਾਸਲ ਕੀਤਾ। ਆਪ ਦਾ ਚਿਨ੍ਹ ਚੰਦਰਮਾ ਹੈ; ਯਕਸ ਦਾ ਨਾਂ ਵਿਜੇ ਹੈ ਯਕਸਨੀ ਵਿਜੇ ਜਾਂ ਜਵਾਲਾ ਹੈ।

# ਭਗਵਾਨ ਸੁਵਿਧੀਨਾਥ ਜੀ

ਆਪ ਜੀ ਦਾ ਦੂਸਰਾ ਨਾਂ ਪੁਸਪਦੰਤ ਵੀ ਹੈ। ਆਪ ਕਾਕੰਦੀ ਨਗਰੀ ਦੇ ਰਾਜਾ ਸੁਗਰੀਵ ਦੀ ਮਹਾਰਾਣੀ ਰਾਮਾਂ ਦੇਵੀ ਦੇ ਸਪੁੱਤਰ ਸਨ। ਆਪ ਦਾ ਜਨਮ ਮੱਘਰ ਕ੍ਰਿਸਨਾ 5 ਨੂੰ ਹੋਇਆ। ਮੱਘਰ ਕ੍ਰਿਸਨਾ 6 ਨੂੰ ਆਪਨੇ ਸਾਧੂ ਜੀਵਨ ਗ੍ਰਹਿਣ ਕੀਤਾ ਲੰਬਾ ਸਮਾ ਤੱਪ ਕਰਨ ਤੋਂ ਬ ਆਦ ਕੱਤਕ ਸੁਕਲ 3 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ।

ਧਰਮ ਪ੍ਰਚਾਰ ਕਰਨ ਤੋਂ ਬਾਅਦ ਭਾਦੋਂ ਸ਼ੁਕਲਾ 9 ਆਪ 1000 ਮੁਨੀਆ ਨਾਲ ਸਮੇਤ ਸਿਖਰ ਵਿਖੇ ਪੁਜੇ ਇਹ ਪਵਿਤੱਰ ਪਹਾੜ ਆਪ ਦਾ ਨਿਰਵਾਨ ਸਥਾਨ ਹੈ ਆਪ ਦਾ ਸਰੀਰਕ ਚਿਨ ਤਵੱਲ ਜਾ ਮਕਰ ਹੈ। ਆਪ ਦੇ ਸੇਵਕ ਯਕਸ ਅਜੀਤ ਅਤੇ ਯਕਸਨੀ ਮਹਾਂਕਾਲੀ ਜਾਂ ਸੁਤਾਰਿਕਾ ਹੈ।

# ਭਗਵਾਨ ਸ਼ੀਤਲਨਾਥ ਜੀ

ਆਪ ਭੱਦਿੱਲ ਪੁਰ ਨਰੇਸ ਰਾਜਾ ਦ੍ਰਿੜ ਰੱਥ ਤੇ ਮਹਾਰਾਣੀ ਨੰਦਾ ਦੇ ਸਪੁੱਤਰ ਸਨ ਆਪ ਦਾ ਜਨਮ ਕਲਿਆਨਕ ਮਾਘ ਕ੍ਰਿਸਨਾ 12 ਹੈ। ਮੱਘਰ ਕ੍ਰਿਸਨਾ 12 ਨੂੰ ਆਪਣੇ ਸੰਸਾਰਿਕ ਸੁੱਖਾਂ ਨੂੰ ਠੋਕਰ ਮਾਰ ਕੇ ਸਾਧੂ ਜੀਵਨ ਜੀਰਨ ਅੰਗਿਕਾਰ ਕੀਤਾ। ਫੇਰ ਲੰਬਾ ਸਮਾਂ ਤਪ ਕਰਨ ਤੋਂ

ਬਾਅਦ ਪੋਹ ਕ੍ਰਿਸ਼ਨਾ 14 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ । ਆਪ ਨੇ ਤੀਰਥੰਕਰ ਪੱਦ ਪ੍ਰਾਪਤ ਕਰਕੇ ਅਨੇਕਾਂ ਭੁੱਲੇ ਭਟਕੇ ਜੀਵਾਂ ਨੂੰ ਸਿੱਧਾ ਰਾਹ ਵਿਖਾਇਆ । ਵੈਸਾਖ ਕ੍ਰਿਸ਼ਨਾ 2 ਨੂੰ ਆਪ ਇਕ ਹਜਾਰ ਮੁਨੀਆ ਨਾਲ ਸਮੇਤ ਸ਼ਿਖਰ ਵਿਖੇ ਮੋਕਸ਼ ਪਧਾਰੇ । ਆਪ ਦਾ ਸਰੀਰਕ ਚਿਨ ਸ੍ਰੀ ਵਤਸ ਹੈ ਆਪ ਦਾ ਯਕਸ਼ ਬ੍ਰਹਮ ਹੈ ਆਪ ਦੀ ਯਕਸ਼ਨੀ ਮਾਨਵੀ ਜਾ ਅਸ਼ੋਕਾ ਹੈ ।

## ਭਗਵਾਨ ਸ਼੍ਰੇਆਂਸ ਨਾਥ ਜੀ

ਆਪ ਸਿੰਘ ਪੁਰੀ ਦੇ ਮਹਾਰਾਜਾ ਵਿਸ਼ਨੂੰ ਤੇ ਰਾਣੀ ਵਿਸ਼ਨੂੰ ਦੇਵੀ ਦੇ ਸਪੁੱਤਰ ਸਨ । ਆਪ ਦਾ ਜਨਮ ਫਗੁਣ ਕ੍ਰਿਸ਼ਨਾ 12 ਨੂੰ ਹੋਇਆ । ਲੰਬਾ ਸਮਾ ਸੰਸਾਰ ਦੇ ਸੁੱਖ ਭੋਗਣ ਫਗੁਣ ਕ੍ਰਿਸ਼ਨਾ 13 ਨੂੰ ਆਪ ਸਾਧੂ ਬਣੇ । ਤਿਆਗ ਤੇ ਤਪੱਸਿਆਂ ਕਰਕੇ ਆਪ ਨੇ ਆਪਣੇ ਕਰਮ ਦਾ ਖਾਤਮਾ ਕੀਤਾ । ਮਾਘ ਸੁਕਲਾ 2 ਨੂੰ ਆਪ ਕੇਵਲ ਗਿਆਨੀ ਤੀਰਥੰਕਰ ਬਣ ਗਏ । ਧਰਮ ਪ੍ਰਚਾਰ ਕਰਦੇ ਹੋਏ ਸਾਵਨ ਕ੍ਰਿਸ਼ਨ 13 ਨੂੰ ਆਪ 1000 ਮੁਨੀਆ ਨਾਲ ਸਮੇਤ ਸ਼ਿਖਰ ਪਹਾੜ ਤੇ ਮੋਕਸ਼ ਪੁਜੇ 24 ਵੇ ਤੀਰਥੰਕਰ ਭਗਵਾਨ ਮਹਾਵੀਰ ਨੇ ਤ੍ਰਿਪ੍ਰਿਸ਼ਟ ਵਾਸੁਦੇਵ ਦੇ ਜਨਮ ਵਿਚ ਆਪ ਤੋਂ ਉਪਦੇਸ਼ ਗ੍ਰਹਿਣ ਕੀਤਾ ਸੀ । ਆਪ ਦਾ ਸਰੀਰਕ ਚਿਨ੍ਹ ਗੈਂਡਾ ਹੈ । ਸੇਵਕ ਯਕਸ਼ ਈਸਵਰ ਜਾ ਯਕਸੇਸ਼ ਹੈ । ਯਕਸ਼ਨੀ ਗੌਰੀ ਜਾਂ ਮਾਨਵੀ ਹੈ ।

## ਭਗਵਾਨ ਵਾਸੂਪੁਜ ਜੀ

ਭਗਵਾਨ ਵਾਸੂਪੁਜ ਜੀ ਦੇ ਸਾਰੇ ਕਲਿਆਣਕ ਚੰਪਾ ਵਿਖੇ ਹੀ ਹੋਏ ਸਨ । ਆਪ ਦਾ ਜਨਮ ਜਨਮ ਫਗੁਣ ਕ੍ਰਿਸ਼ਨ 14 ਨੂੰ ਰਾਜਾ ਵਾਸੂਪੁਜ ਤੇ ਰਾਣੀ ਜੈ ਦੇਵੀ ਦੇ ਘਰ ਹੋਇਆ । ਆਪ ਫਗੁਣ ਕ੍ਰਿਸ਼ਨਾ ਪੂਰਨਮਾਸ਼ੀ ਨੂੰ ਆਪਣੇ ਸਾਧੂ ਜੀਵਨ ਗ੍ਰਹਿਣ ਕੀਤਾ । ਲੰਬਾ ਸਮਾਂ ਧਰਮ ਪ੍ਰਚਾਰ ਕਰਦੇ ਹੋਏ 600 ਮੁਨੀਆ ਨਾਲ ਆਪ ਆਪਣੇ ਜਨਮ ਸਥਾਨ ਚੰਪਾ ਵਿਖੇ ਹਾੜ ਸੁਕਲਾ 14 ਨੂੰ ਮੋਕਸ਼ ਪਧਾਰੇ ਆਪ ਦਾ ਚਿਨ ਮੈਸਾ ਹੈ । ਆਪ ਦੇ ਸੇਵਕ ਯਕਸ਼ ਕੁਮਾਰ ਹੈ ਯਕਸ਼ਨੀ ਦਾ ਨਾਂ ਗੰਧਾਰੀ ਜਾ ਚੰਡਾ ਹੈ ।

## ਭਗਵਾਨ ਵਿਮਲ ਨਾਥ ਜੀ

ਕੰਪਿਲ ਪੁਰ ਦੇ ਰਾਜਾ ਕ੍ਰਿਤਵਰਨ ਦੀ ਰਾਣੀ ਸਿਆਮਾ ਦੀ ਕੁਖੋਂ ਮਾਘ ਸੁਕਲਾ 3 ਨੂੰ ਆਪ ਦਾ ਜਨਮ ਹੋਇਆ । ਲੰਬਾ ਸਮਾਂ ਸੰਸਾਰ ਦੇ ਸੁਖ ਭੋਗਣ ਤੋਂ ਬਾਅਦ ਮਾਘ ਸੁਕਲਾ 4 ਨੂੰ ਆਪ ਸਾਧੂ ਬਣ ਗਏ । ਤੱਪ ਕਰਨ ਤੋਂ ਬਾਅਦ ਸੁਕਲਾ ਛੇ ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ ਹਾੜ ਕ੍ਰਿਸਨਾਂ ਨੂੰ ਸਮੇਤ ਸ਼ਿਖਰ ਵਿਖੇ 600 ਮੁਨੀਆਂ ਨਾਲ ਮੋਕਸ਼ ਪਧਾਰੇ । ਆਪ ਦਾ ਚਿੰਨ ਸੂਅਰ ਹੈ ਆਪਦੇ ਯਕਸ਼ ਸਨਮੁੱਖ ਅਤੇ ਸੇਵਕ ਯਕਸ਼ਨੀ ਵਿਦਿਤਾ ਜਾਂ ਵਰੋਟਿਆ ਹਨ ।

## ਭਗਵਾਨ ਅਨੰਤ ਨਾਥ ਜੀ

ਆਪ ਦਾ ਜਨਮ ਸਥਾਨ ਅਜੁਧਿਆ ਹੈ । ਰਾਜਾ ਸਿੰਘ ਸੇਨ ਤੇ ਮਹਾਰਾਣੀ ਸੁਜਸਾ ਦੇ ਘਰ ਰਾਜ ਕੁਮਾਰ ਅਨੰਤ ਨਾਥ ਦਾ ਜਨਮ ਵੈਸਾਖ ਕ੍ਰਿਸ਼ਨਾ ਤ੍ਰਿਨ ਨੂੰ ਹੋਇਆ । ਆਪਣਾ ਲੰਬਾ ਸਮਾਂ

ਸੰਸਾਰਿਕ ਸੁੱਖ ਤਿਆਗ ਕੇ ਵੈਸਾਖ ਕ੍ਰਿਸ਼ਨਾ 14 ਨੂੰ ਆਪ ਸਾਧੂ ਬਣੇ। ਵੈਸਾਖ ਕ੍ਰਿਸ਼ਨਾ 14 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। 700 ਮੁਨੀਆਂ ਨਾਲ ਆਪ ਸਮੇਤ ਸਿਖਰ ਵਿਖੇ ਚੇਤ ਸੁਕਲਾ 5 ਨੂੰ ਮੋਕਸ਼ ਪਧਾਰੇ। ਆਪ ਦਾ ਚਿੰਨ੍ਹ ਸਿਕਰਾ ਪੰਛੀ ਹੈ। ਆਪ ਦੇ ਯਕਸ਼ ਪਾਤਾਲ ਤੇ ਯਕਸ਼ਨੀ ਅੰਨਤਮਤੀ ਜਾਂ ਅਕੁੰਸ਼ਾ ਹਨ।

## ਭਗਵਾਨ ਧਰਮ ਨਾਥ ਜੀ

ਪੰਦਰਵੇਂ ਤੀਰਥੰਕਰ ਧਰਮ ਨਾਥ ਜੀ ਰਤਨਪੁਰੀ ਦੇ ਸਮਰਾਟ ਭਾਨੂੰ ਤੇ ਮਹਾਰਾਣੀ ਸੁਵਰਤਾ ਦੇ ਸਪੁੱਤਰ ਸਨ। ਆਪ ਦਾ ਜਨਮ ਮਾਘ ਸੁਕਲਾ 3 ਨੂੰ ਆਪ ਮਾਘ ਸੁਕਲਾ 13 ਨੂੰ ਸਾਧੂ ਬਣੇ। ਘੋਰ ਤੱਪ ਕਰਦੇ ਹੋਏ ਆਪਣੇ ਵੀ ਆਪਣੇ 4 ਘਾਤੀ ਕਰਮਾਂ ਦਾ ਨਾਸ਼ ਕਰਕੇ ਪੋਹ ਸੁਕਲਾ ਪੂਰਨ ਮਾਸ਼ੀ ਨੂੰ ਕੇਵਲ ਗਿਆਨ ਪ੍ਰਾਪਤ ਕੀਤਾ ਆਪਣੇ 800 ਮੁਨੀਆਂ ਨਾਲ ਜੇਠ ਸੁਕਲਾ 5 ਨੂੰ ਸਮੇਤ ਸਿਖਰ ਵਿਖੇ ਮੋਕਸ਼ ਹਾਸਲ ਕੀਤਾ ਆਪ ਦਾ ਚਿੰਨ੍ਹ ਵੱਜਰ ਸੀ। ਆਪ ਦੇ ਯਕਸ਼ ਕਿੰਨਰ ਯਕਸ਼ਨੀ ਮਾਨਸੀ ਜਾਂ ਕੰਦਰਪਾ ਹੈ।

## ਭਗਵਾਨ ਸਾਂਤੀ ਨਾਥ ਜੀ

5 ਚੱਕਰ ਵਰਤੀ ਤੇ 16 ਵੇ ਤੀਰਥੰਕਰ ਸਾਂਤੀ ਨਾਥ ਜਨਮ ਸਥਾਨ ਕੁਰੂ ਦੇਸ ਦੀ ਰਾਜ ਧਾਨੀ ਹਸਤਨਾਪੁਰ ਦੇ ਰਾਜਾ ਵਿਸ਼ਵਸੈਨ ਦੀ ਰਾਣੀ ਅਚਿਰਾ ਦੇ ਘਰ ਜੇਠ ਕ੍ਰਿਸ਼ਨਾ 13 ਨੂੰ ਹੋਈਆ। ਪਿਛਲੇ ਜਨਮ ਵਿੱਚ ਆਪ ਰਾਜਾ ਮੇਘਰਥ ਸਨ। ਆਪ ਨੇ ਸ਼ਰਨ ਵਿੱਚ ਆਏ ਜੀਵ ਦੀ ਰਾਖੀ ਲਈ ਆਪਣੇ ਸਰੀਰ ਦਾ ਮਾਸ ਦਾਨ ਕੀਤਾ ਸੀ। ਆਪਣੇ ਚੱਕਰ ਵਰਤੀ ਦੀ ਗੱਦੀ ਨੂੰ ਠੋਕਰ ਮਾਰ ਕੇ ਜੇਠ ਕ੍ਰਿਸ਼ਨਾ 14 ਨੂੰ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਨੂੰ ਪੋਹ ਸੁਕਲਾ 9 ਨੂੰ ਆਪ ਵੀ 900 ਮੁਨੀਆਂ ਨਾਲ ਸਮੇਤ ਸਿਖਰ ਪਹਾੜ ਤੇ ਮੋਕਸ਼ ਪਧਾਰੇ। ਆਪ ਦਾ ਚਿੰਨ੍ਹ ਮਿਰਗ ਹੈ। ਆਪ ਦੇ ਯਕਸ਼ ਕਿੰਪੁਰਸ਼ ਜਾਂ ਗਰੁੜ ਤੇ ਯਕਸ਼ਨੀ ਮਹਾਮਾਨਸੀ ਜਾਂ ਨਿਰਵਾਣੀ ਹਨ।

## ਭਗਵਾਨ ਕੁੰਥੂ ਨਾਥ ਜੀ

ਆਪ ਵੀ ਚੱਕਰ ਵਰਤੀ ਤੇ ਤੀਰਥੰਕਰ ਸਨ। ਆਪ ਦਾ ਜਨਮ ਰਾਜਾ ਸੂਰਦੇਵ ਦੀ ਰਾਣੀ ਸ੍ਰੀ ਦੇਵੀ ਦੇ ਘਰ ਹਸਤਨਾਪੁਰ ਵਿਖੇ ਵੈਸਾਖ ਕ੍ਰਿਸ਼ਨਾ 14 ਨੂੰ ਹੋਇਆ। ਚੇਤ ਕ੍ਰਿਸ਼ਨਾ 5 ਨੂੰ ਆਪ ਸੰਸਾਰਿਕ ਬੰਧਨਾਂ ਨੂੰ ਤੋੜ ਕੇ ਮੁਨੀ ਬਨ ਗਏ। ਚੇਤ ਸੁਕਲਾ 3 ਨੂੰ ਆਪ ਨੇ ਕੇਵਲ ਗਿਆਨ ਪ੍ਰਾਪਤ ਕੀਤਾ। ਆਪ ਦਾ ਨਿਰਵਾਨ ਵੈਸਾਖ ਕ੍ਰਿਸ਼ਨਾ 11 ਨੂੰ ਸਮੇਤ ਸਿਖਰ ਵਿਖੇ 1000 ਮੁਨੀਆਂ ਨਾਲ ਹੋਇਆ। ਆਪ ਦਾ ਚਿੰਨ੍ਹ ਬਕਰਾ ਹੈ। ਆਪ ਦਾ ਯਕਸ਼ ਗੰਧਰਵ ਤੇ ਯਕਸ਼ਨੀ ਵਿਜੈ ਜਾਂ ਬਲਾ ਹਨ।

## ਸ੍ਰੀ ਅਰਹ ਨਾਥ ਜੀ

ਆਪ ਵੀ ਚੱਕਰ ਵਰਤੀ ਤੇ ਤੀਰਥੰਕਰ ਦੋਹਾਂ ਪਦਾਂ ਦੇ ਮਾਲਕ ਸਨ ਆਪ ਦੇ ਪਿਤਾ ਸੁਦਰ ਸਨ ਤੇ ਮਾਤਾ ਸ੍ਰੀ ਦੇਵੀ ਸਨ। ਆਪ ਦਾ ਜਨਮ ਮੱਘਰ ਸੁਕਲਾ 10 ਨੂੰ ਹੋਇਆ। ਚੱਕਰਵਰਤੀ

ਓ ਸੰਸਾਰਿਕ ਸੁੱਖ ਨੂੰ ਠੋਕਰ ਮਾਰ ਕੇ ਆਪ ਨੇ ਮੱਘਰ ਸੁਕਲਾ 11 ਨੂੰ ਸਾਧੂ ਜੀਵਨ ਗ੍ਰਹਿਣ ਕੀਤਾ ਕੱਤਕ ਸੁਕਲਾ 11 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। ਮੱਘਰ ਸੁਕਲ 10 ਨੂੰ ਆਪ 1000 ਸਾਧੂਆਂ ਨਾਲ ਸਮੇਤ ਸਿਖਰ ਪਰਬਤ ਤੇ ਮੋਕਸ਼ ਪ੍ਰਾਪਤ ਕੀਤਾ। ਚਿੰਨ ਨੰਦਾਵਰਤ ਜਾਂ ਮੱਛੀ ਹਾਂ ਆਪਦੇ ਯਕਸ਼ ਆਪਦੇ ਯਕਸੇਂਦਰ ਤੇ ਯਕਸਨੀ ਅਜਿਤਾ ਜਾਂ ਧਰਨੀ ਹਨ।

# ਭਗਵਾਨ ਮੱਲੀ ਨਾਥ ਜੀ

ਭਗਵਾਨ ਮੱਲੀ ਨਾਥ ਇਸਤਰੀ ਤੀਰਥੰਕਰ ਮੰਨੇ ਜਾਂਦੇ ਹਨ। ਗਿਆਤਾ ਧਰਮ ਕਥਾਂਗ ਸੂਤਰ ਵਿਚ ਆਪ ਦੀ ਵਿਸਥਾਰ ਨਾਲ ਵਰਨਣ ਮਿਲਦਾ ਹੈ ਦਿਗੰਬਰ ਪ੍ਰੰਪਰਾ ਆਪ ਨੂੰ ਪੁਰਸ਼ ਮੰਨਦੀ ਹੈ।

ਮਿਥਿਲਾ ਦੇ ਰਾਜਾ ਕੁੰਭ ਤੇ ਮਾਤਾ ਪ੍ਰਭਾਵਤੀ ਦੀ ਸਪੁੱਤਰੀ ਹਨ। ਆਪ ਦਾ ਜਨਮ ਮੱਘਰ ਸੁਕਲਾ 11 ਨੂੰ ਹੋਇਆ ਆਪ ਬਹੁਤ ਸੁੰਦਰ ਸਨ। ਆਪ ਦੀ ਸੁੰਦਰਤਾ ਤੇ ਗਿਆਨ ਦੀ ਚਰਚਾ ਕਈ ਦੇਸਾ ਤੱਕ ਫੈਲ ਚੁੱਕੀ ਸੀ, ਰਾਜਾ ਕੁੰਭ ਦੇ ਇਨਕਾਰ ਕਰਨ ਤੇ 6 ਦੇਸ ਦੀਆ ਫੌਜਾ ਨੇ ਮਿਥਿਲਾ ਤੇ ਹਮਲਾ ਕਰ ਦਿਤੀ। ਰਾਜਾ ਕੁੰਭ ਇਸ ਆਫ਼ਤ ਕਾਰਣ ਘਬਰਾ ਗਿਆ। ਭਗਵਤੀ ਮੱਲੀ ਨੇ ਆਪਣੇ ਪਿਤਾ ਨੂੰ ਹੌਸਲਾ ਦਿੰਦੇ ਆਖਿਆ: ਪਿਤਾ ਜੀ ਤੁਸੀ ਕੋਈ ਫ਼ਿਕਰ ਨਾ ਕਰੋ ਮੈਂ ਆਪ ਨੂੰ ਇਸ ਸੰਕਟ ਤੋਂ ਪਾਰ ਕਰਵਾਵਾਗੀ ਤੁਸੀ ਇੰਜ ਕਰੋ" ਇਨ੍ਹਾਂ 2 ਰਾਜਿਆਂ ਨੂੰ ਆਖੋ ਕਿ ਮੈਂ ਤੁਹਾਡੇ ਨਾਲ ਰਾਜ ਕੁਮਾਰੀ ਦਾ ਵਿਆਹ ਕਰ ਦੇਵਾਗਾ ਬਾਕੀ ਦਾ ਕੰਮ ਮੇਰੇ ਜ਼ਿੰਮੇ ਹੈ" ਰਾਜ ਕੁਮਾਰੀ ਮੱਲੀ ਨੇ ਆਪਣੇ ਮਹਿਲ ਦੇ ਮੋਹਨ ਗ੍ਰਹਿ ਵਿੱਚ ਆਪਣੀ ਸੋਨੇ ਦੀ ਮੂਰਤੀ ਬਨਾਈ ਉਸ ਸ਼ਕਲ ਬਿਲਕੁਲ ਰਾਜਕੁਮਾਰੀ ਵਰਗੀ ਸੀ ਉਸ ਮੂਰਤੀ ਵਿਚ ਰਾਜਕੁਮਾਰੀ ਦੀ ਪੁਤਲੀ ਘੁੰਮਦੀ ਸੀ 6 ਰਾਜਿਆਂ ਨੂੰ ਅੱਲਗ ਰਸਤਿਆਂ ਰਾਹੀ ਬੁਲਾਵਾ ਦਿਤਾ ਗਿਆ। ਰਾਜਕੁਮਾਰੀ ਨੇ ਮੂਰਤੀ ਉਪਰ ਢੱਕਣ ਲਗਾਇਆ ਰਾਜਕੁਮਾਰੀ ਰੋਜ ਉਸ ਢੱਕਣ ਖੋਲਦੀ। ਉਸ ਵਿਚ ਭੋਜਨ ਪਾ ਕੇ ਢੱਕਣ ਬੰਦ ਕਰ ਦਿੰਦੀ ਕੁਝ ਦਿਨਾਂ ਬਾਅਦ ਖਾਣਾ ਸੜਨ ਲੱਗ ਗਿਆ ਦੁਰਗੰਧ ਆਉਣ ਲੱਗ ਪਈ। ਤਾਂ ਰਾਜਕੁਮਾਰੀ ਨੇ ਛੇ ਰਾਜਿਆ ਨੂੰ ਬੁਲਾਕੇ ਢੱਕਣ ਖੁਲ੍ਹਾ ਦਿਤਾ। ਰਾਜਿਆਂ ਦਾ ਦੁਰਗੰਧ ਕਾਰਨ ਸਾਹ ਘੁਟਣ ਲੱਗ ਪਿਆ ਰਾਜੇ ਪਿੱਛੇ ਮੁੜਨ ਲਗੇ ਤਾਂ ਰਾਜਕੁਮਾਰੀ ਮਲੀ ਨੇ ਕਿਹਾ" ਇਹ ਮੇਰਾ ਅਸਲੀ ਰੂਪ ਹੈ। ਮੇਰਾ ਸਰੀਰ ਇਸੇ ਭੋਜਨ ਨੂੰ ਖਾਦਾ ਹੈ। ਫੇਰ ਇਸ ਮੂਰਤੀ ਦੀ ਦੁਰਗੰਧ ਦੇ ਪੁਤਲੇ ਲਈ ਇਹ ਸੰਘਰਸ਼ ਕਿਉਂ" ?

ਰਾਜ ਕੁਮਾਰੀ ਮੱਲੀ ਦੀ ਛੋਟੀ ਜਿਹੀ ਪ੍ਰੇਰਣਾ ਨੇ ਰਾਜਿਆਂ ਦਾ ਮੂੰਹ ਵੈਰਾਗ ਵੱਲ ਮੋੜ ਦਿੱਤਾ। ਸਾਰੇ ਰਾਜਿਆਂ ਨੇ ਆਪਣੇ ਪੁੱਤਰਾਂ ਨੂੰ ਰਾਜ ਦੇ ਕੇ ਸੰਸਾਰ ਤਿਆਗਣ ਦਾ ਹੌਸਲਾ ਕਰ ਲਿਆ। ਭਗਵਾਨ ਮੱਲੀ ਨਾਥ ਵੀ ਸਾਧੂ ਦੀਖਿਆ ਮੱਘਰ ਸੁਕਲਾ 11 ਨੂੰ ਅਤੇ ਕੇਵਲ ਗਿਆਨ ਮੱਘਰ ਸਕਲ 11 ਨੂੰ ਹੀ ਦੂਸਰੇ ਪਹਿਰ ਹੋ ਗਿਆ ਕੇਵਲ ਗਿਆਨੀ ਸਰਵੱਗ ਬਣਕੇ ਆਪ ਧਰਮ ਪ੍ਰਚਾਰ ਕਰਦੇ ਹੋਏ 500 ਸਾਧੂਆਂ ਨਾਲ ਸਮੇਤ ਸਿਖਰ ਪਹਾੜ ਫੱਗਣ ਸੁਕਲਾ 12 ਨੂੰ ਮੋਕਸ਼

ਪਧਾਰੇ ਆਪ ਦਾ ਚਿੰਨ ਕੁੰਭ ਹੈ ਆਪਦੇ ਯਕਸ਼ ਕੁਬੇਰ ਤੇ ਯਕਸ਼ਣੀ ਅਪਰਾਜਿਤਾ ਜਾਂ ਧਰਨ ਪ੍ਰਿਆ ਹਨ ।

# ਭਗਵਾਨ ਮੁਨੀ ਸੁਵਰਤ ਜੀ

ਆਪਦਾ ਸਮਾ ਰਾਮਇਣ ਦਾ ਸਮਾਂ ਹੈ । ਆਪ ਰਾਜਗ੍ਰਹਿ ਨਗਰੀ ਦੇ ਰਾਜਾ ਸੁਮਿਤਰ ਤੇ ਰਾਣੀ ਪਦਮਾਵਤੀ ਦੇ ਸਪੁਤਰ ਸਨ । ਆਪਦਾ ਜਨਮ ਜੇਠ ਕ੍ਰਿਸਨਾ 8 ਨੂੰ ਹੋਇਆ ਲੰਬਾ ਸਮਾਂ ਰਾਜ ਸੁੱਖ ਭੋਗ ਕੇ ਆਪ ਨੇ ਫਗੁਣ ਸੁਕਲਾ 12 ਨੂੰ ਸਾਧੂ ਜੀਵਨ ਅੰਗੀਕਾਰ ਕੀਤਾ। ਫਗੁਣ ਕ੍ਰਿਸਨਾਂ 12 ਨੂੰ ਆਪ ਨੂੰ ਆਤਮਾ ਤੋਂ ਪਰਮਾਤਮਾ ਬਨਾਉਣ ਵਾਲਾ ਕੇਵਲ ਗਿਆਨ ਪ੍ਰਾਪਤ ਹੋਇਆ ਜੇਠ ਕ੍ਰਿਸ਼ਨਾਂ 9 ਨੂੰ ਆਪ 1000 ਮੁਨੀਆਂ ਨਾਲ ਸਮੇਤ ਸਿਖਰ ਪਹਾੜ ਤੇ ਮੋਕਸ਼ ਪਧਾਰੇ। ਆਪ ਦਾ ਚਿੰਨ ਕੱਛੂ ਹੈ। ਅਪ ਦੇ ਯਕਸ਼ ਵਰੁਣ ਜਾਂ ਤੇ ਯਕਸਨੀ ਬਹੁਰੁਪਨੀ ਜਾ ਨਰਦਤਾ ਹਨ ।

# ਭਗਵਾਨ ਨਮਿਨਾਥ ਜੀ

ਆਪ ਮਿਥਿਲਾ ਨਗਰੀ ਦੇ ਰਾਜਾ ਵਿਜੇਸੇਨ ਮਾਤਾ ਵਿਪਰਾ ਦੇਵੀ ਦੇ ਸਪੁਤਰ ਸਨ । ਸਾਵਨ ਕ੍ਰਿਸ਼ਨਾ 8 ਨੂੰ ਆਪਦਾ ਜਨਮ ਹੋਇਆ । ਹਾੜ ਕ੍ਰਿਸ਼ਨਾਂ 9 ਨੂੰ ਆਪ ਨੇ ਸਾਧੂ ਜੀਵਨ ਗ੍ਰਹਿਣ ਕੀਤਾ ਲੰਬਾ ਸਮਾਂ ਤੱਕ ਰਾਜ ਸੁੱਖ ਭੋਗਨ ਤੋਂ ਬਾਅਦ ਹਾੜ ਕ੍ਰਿਸ਼ਨਾਂ ਨੂੰ ਆਪ ਨੂੰ ਸਾਧੂ ਜੀਵਨ ਗ੍ਰਹਿਣ ਕੀਤਾ। ਮੱਘਰਾ ਸੁਕਲਾ 11 ਨੂੰ ਆਪ ਨੇ ਕੇਵਲ ਗਿਆਨ ਹਾਸਲ ਕੀਤਾ । ਅਪ 1000 ਸਾਧੂਆਂ ਨਾਲ ਸਮੇਤ ਸਿਖਰ ਵਿਖੇ ਵੈਸਾਖ ਕ੍ਰਿਸ਼ਨਾ 10 ਨੂੰ ਪਧਾਰੇ । ਆਪ ਦਾ ਚਿੰਨ੍ਹ ਨੀਲਕਮਲ ਹੈ। ਆਪਦੇ ਯਕਸ਼ ਭਰਿਕੁਟੀ ਤੇ ਯਕਸ਼ਨੀ ਚਾਮੁੰਡੀ ਜਾਂ ਗੰਧਾਰੀ ਹਨ ।

# ਭਗਵਾਨ ਅਰਿਸ਼ਟ ਨੇਮੀ ਜੀ

ਜੈਨ ਤੀਰਥੰਕਰ ਪ੍ਰੰਪਰਾਂ ਵਿਚ ਯਦੂ ਬੰਸ਼ ਵਿਚ ਪੈਦਾ ਹੋਏ ਤੀਰਥੰਕਰ ਅਰਿਸਟ ਨੇਮੀ ਦਾ ਵਿਸ਼ੇਸ ਸਥਾਨ ਹੈ । ਪ੍ਰਸਿਧ ਭਾਰਤੀ ਵਿਦਵਾਨ ਡਾ ਰਾਧਾ ਕ੍ਰਿਸ਼ਨ ਨੇ ਆਪ ਨੂੰ ਇਤਿਹਾਸਕ ਮਹਾਪੁਰਸ਼ ਮਨਿਆ ਹੈ। ਵੇਦਾਂ ਦੇ ਕਈ ਮੰਤਰਾਂ ਵਿਚ ਭਗਵਾਨ ਰਿਸ਼ਵ ਦੇਵ ਦੀ ਤਰਾਂ ਅਰਿਸ਼ਟ ਨੇਮੀ ਦਾ ਜਿਕਰ ਹੈ। ਆਪ ਦਾ ਜਨਮ 23 ਵੇ ਤੀਰਥਕਰ ਭਗਵਾਨ ਪਾਰਸ ਨਾਥ ਤੋਂ 84000 ਸਾਲ ਪਹਿਲਾ ਸ਼ੋਰੀਆਪੁਰ ਦੇ ਰਾਜੇ ਸਮੁਦਰ ਵਿਜੇ ਦੀ ਰਾਣੀ ਸਿਵਾ ਦੇਵੀ ਦੀ ਪਵਿਤਰ ਕੁਖੋਂ ਹੋਇਆ ਆਪ ਦਾ ਪਰਿਵਾਰ ਵਿਸ਼ਾਲ ਸੀ । ਆਪ ਦੀ ਜਨਮ ਮਿਤੀ ਸਾਵਨ ਸੁਕਲਾ 5 ਹੈ । ਆਪਦੇ ਸਮੇਂ ਹਿੰਸਾ ਅਤੇ ਮਾਸ ਅਹਾਰ ਦਾ ਬਹੁਤ ਪ੍ਰਚਾਰ ਸੀ । ਧਰਮ ਦੇ ਨਾਂ ਤੇ ਬਹੁਤ ਹੀ ਪਾਪ ਹੋ ਰਿਹਾ ਸੀ । ਚੰਗੇ ਰਾਜਾ ਵੀ ਸਿਕਾਰ ਖੇਲਣ ਤੇ ਮਾਸ ਖਾਣ ਵਿਚ ਆਪਣੀ ਬਹਾਦਰੀ ਸਮਝਦੇ ਸਨ । ਰਾਜਕੁਮਾਰ ਅਰਿਸ਼ਟ ਨੇਮੀ ਨੂੰ ਇਹ ਸਭ ਚੰਗਾ ਨਾਂ ਲੱਗਾ ਆਪ ਸੰਸਾਰ ਦੇ ਬੰਧਨ ਵਿਚ ਉਲਝਣਾ ਨਹੀਂ ਸਨ ਚਾਹੁੰਦੇ । ਮਾਤਾ ਪਿਤਾ ਅਤੇ ਹੋਰ ਰਿਸ਼ਤੇਦਾਰਾਂ ਦੇ ਆਖਣ ਤੇ ਆਪ ਦਾ ਰਿਸਤਾ ਜੂਨਾਗੜ ਦੇ ਰਾਜਾ ਉਗਰਸੇਨ ਦੀ ਸਪੁਤਰੀ ਰਾਜਕੁਮਰੀ ਰਾਜੁਲ ਨਾਲ ਤਹਿ ਹੋਇਆ । ਰਾਜਕੁਮਾਰੀ ਵੀ

ਅਰਿਸ੍ਟ ਨੇਮੀ ਦੇ ਗੁਣਾ ਤੋਂ ਬਹੁਤ ਪ੍ਰਭਾਵਿਤ ਸੀ। ਆਖਿਰ ਸੋਰਿਆਪੁਰ ਤੋਂ ਯਾਦਵ ਵੰਸੀ ਖਤਰੀ ਬਰਾਤ ਲੈ ਕੇ ਜੂਨਾਗੜ ਪੁਜੇ। ਬਰਾਤ ਦਰਵਾਜੇ ਤੇ ਪੁਜੀ। ਸਾਰਾ ਜੂਨਾਗੜ ਸਵਾਗਤ ਲਈ ਖੜਾਸੀ

ਪਹਿਲਾ ਰਾਜਕੁਮਾਰ ਅਰਿਸ੍ਟ ਨੇਮੀ ਦਰਵਾਜੇ ਦੇ ਅੰਦਰ ਪ੍ਰਵੇਸ ਕਰਨ ਲਗੇ, ਤਾਂ ਉਨਾਂ ਦੇ ਕੰਨਾ ਵਿਚ ਪਸ਼ੂਆਂ ਦੀ ਕੁਰਲਾਹਟ ਸੋਰ ਸਰਾਵਾ ਤੇ ਚੀਖਾ ਪਈਆਂ। ਅਰਿਸਟ ਨੇਮੀ ਨੇ ਰਥ ਰੁਕਵਾ ਕੇ ਕਾਰਣ ਪੁਛਿਆ। ਲੋਕਾ ਨੇ ਕਿਹਾ ਮਹਾਰਾਜ਼। ਇਹ ਪਸੂ ਤੁਹਾਡੇ ਲਈ ਹੀ ਬੜੇ ਵਿਚ ਬੰਧੇ ਹਨ ਕਿਉ ਕਿ ਬਰਾਤ ਵਿਚ ਹਰ ਪ੍ਰਕਾਰ ਦਾ ਭੋਜਨ ਬਨਣਾ ਹੈ। ਕਈ ਬਰਾਤੀ ਮਾਸਾ ਹਾਰੀ ਹਨ ਉਨਾਂ ਲਈ ਇਹ ਪਸੂ ਭੋਜਨ ਸਮੇ ਮਾਰੇ ਜਾਨੇ ਹਨ। ਹਰ ਪ੍ਰਕਾਰ ਦੇ ਜਾਨਵਰ ਰਾਜਾਂ ਕਈ ਦਿਨਾਂ ਦੀ ਮੇਹਨਤ ਤੋਂ ਵਾਅਦ ਲੈ ਆਉਦੇ ਹਨ।

ਅਰਿਸ਼ਟ ਨੇਮੀ ਨੇ ਲੋਕਾ ਦੇ ਮੂਹੋਂ ਇਹ ਵਾਰਤਾ ਸੁਣੀ ਤਾਂ ਮਨ ਨੂੰ ਠੇਸ ਪੁਜੀ। ਉਨਾਂ ਸੋਚਿਆਂ ਇਕ ਮੇਰੇ ਵਿਆਹ ਕਾਰਣ ਇਨ੍ਹਾਂ ਹਜਾਰਾ ਜੀਵਾਂ ਦਾ ਘਾਤ ਬਿਨਾ ਕਾਰਣ ਹੋਵੇਗਾ ਇਸ ਚੰਗਾ ਹੈ ਕਿ ਮੈਂ ਵਿਆਹ ਹੀ ਨਾਂ ਕਰਾਵਾ। ਇਸ ਨਾਲ ਇਨਾਂ ਬੇਦੋਸੇ ਜੀਵਾਂ ਦੀ ਜਾਨ ਬਚ ਜਾਵੇਗੀ। ਸੰਸਾਰ ਦੇ ਭੋਗਾਂ ਲਈ ਪਾਪ ਸਭਵ ਹੈ। ਉਨਾ ਉਸੇ ਸਮੇ ਰੱਥ ਵਾਪਸ ਮੋੜ ਦਿਤਾ ਬਰਾਤ ਵਾਪਸੀ ਦਾ ਦੁੱਖ ਸਭ ਨੂੰ ਪੂਜਾ। ਰਾਜਕੁਮਾਰੀ ਰਾਜੁਲ ਨੂੰ ਇਹ ਦੁਖ ਅਸਹਿ ਸੀ।

ਅਰਿਸ੍ਟ ਨੇਮੀ ਨੇ ਇੱਕ ਸਾਲ ਦਾਨ ਕੀਤਾ। ਫਰ ਹਾੜ ਸੁਕਲਾ 6 ਨੂੰ ਆਪ ਨੇ ਸਾਧੂ ਜੀਵਨ ਗ੍ਰਹਿਣ ਕੀਤਾ। ਆਪਦੇ ਪਰਿਵਾਰ ਦੇ ਲੋਕਾ ਤੋਂ ਛੁਟ ਰਾਜਕੁਮਾਰੀ ਰਾਜੁਲ ਨੇ ਵੀ ਸਾਧਵੀ ਜੀਵਨ ਗ੍ਰਹਿਣ ਕੀਤਾ। ਸਾਵਲ ਕ੍ਰਿਸ਼ਨਾ ਅਮਾਵਸ ਨੂੰ ਆਪਨੇ ਗਿਰਨਾਰ ਪਹਾੜ ਤੇ ਕੇਵਲ ਗਿਆਨ ਹਾਸਲ ਕੀਤਾ। ਲੰਬਾ ਸਮਾ ਧਰਮ ਪ੍ਰਚਾਰ ਕੀਤਾ। ਅਨੇਕਾ ਰਾਜਕੁਮਾਰ, ਰਾਜਕੁਮਾਰੀਆ, ਰਾਜੇ ਬ੍ਰਾਹਮਣ ਅਤੇ ਆਮ ਲੋਕਾਂ ਨੇ ਆਪ ਦੇ ਉਪਦੇਸ ਤੋਂ ਪ੍ਰਭਵਿਤ ਹੋ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਇਨਾਂ ਦਾ ਵਰਨਣ ਸ੍ਰੀ ਅੰਤਕ੍ਰਿਤ ਦਸਾਂਗ ਸੂਤਰ ਵਿਚ ਵਿਸਥਾਰ ਨਾਲ ਹੈ।

ਆਪ ਦਾ ਨਿਰਵਾਨ ਗਿਰਨਾਰ ਪਹਾੜ ਤੇ ਹਾੜ ਸੁਕਲਾ 8 ਨੂੰ ਹੋਇਆ। ਆਪ ਦਾ ਸਰੀਰਕ ਚਿਨ ਸੇਖ ਹੈ। ਆਪਦੇ ਯਕਸ਼ ਸਰਵਾਹ ਜਾਂ ਗੋਮੇਧ ਹਨ ਆਪ ਦੀ ਯਕਸਨੀ ਕੁਸਮਾਡੀ ਜਾਂ ਅੰਬਿਕਾ ਹੈ।

# ਭਗਵਾਨ ਪਾਰਸ ਨਾਥ ਜੀ

ਜੈਨ ਧਰਮ ਵਿਚ ਜੇ ਕਿਸੇ ਤੀਰਥੰਕਰ ਦੇ ਸਭ ਤੋਂ ਜਿਆਦਾ ਮੰਦਰ ਹਨ, ਤਾਂ ਉਹ ਭਗਵਾਨ ਪਾਰਸ਼ ਨਾਥ ਜੀ ਹਨ। ਸ੍ਰੀ ਉਤਰਾ ਧਿਐਨ ਸੂਤਰ ਦੇ ਕੇਸੀ ਗੌਤਮ ਸੇ ਬਾਦ ਵਿਚ ਕਿਹਾ ਗਿਆ।

ਪਹਿਲੇ ਤੇ ਅੰਤਮ ਤੀਰਥੰਕਰ ਦੇ ਸਾਧੂ ਪੰਜ ਮਹਾਵਰਤਾ ਦੀ ਪਾਲਨ ਕਰਦੇ ਹਨ। ਦੂਜੇ ਤੇ 23 ਵੇ ਤੀਰਥੰਕਰ 4 ਮਹਾਵਰਤ (ਚਤੁਰਯਾਮ) ਦਾ ਪਾਲਨ ਕਰਦੇ ਹਨ।

ਇਸੇ ਚਤੁਰਯਾਮ ਨਿਰਗ੍ਰੰਥਾਂ ਦਾ ਜਿਕਰ ਬੁੱਧ ਗ੍ਰੰਥਾ ਵਿਚ ਥਾਂ ਥਾਂ ਤੇ ਮਿਲਦਾ ਹੈ ਜੋ ਜੈਨ

ਧਰਮ ਨੂੰ ਬੁਧ ਧਰਮ ਤੋਂ ਪੁਰਾਣਾ ਦਰਸਾਦਾ ਹੈ। ਜੈਨ ਗ੍ਰੰਥਾਂ ਵਿਚ ਮਹਾਤਮਾ ਬੁੱਧ ਬਾਰੇ ਕੋਈ ਵਰਨਣ ਨਹੀਂ ਮਿਲਦਾ। ਮਹਾਤਮਾ ਬੁੱਧ ਦੇ ਜਨਮ ਸਮੇਂ ਚਤੁਰਯਾਮ ਧਰਮ ਸਾਰੇ ਦੇਸ ਵਿਚ ਫੈਲ ਚੁਕਾ ਸੀ। ਭਗਵਾਨ ਮਹਾਵੀਰ ਦੇ ਮਾਤਾ ਪਿਤਾ, ਨਾਨਾ ਬੁੱਧ ਦੇ ਚਾਚਾ ਵੀ ਇਸ ਧਰਮ ਉਪਾਸਕ ਸਨ। ਭਗਵਾਨ ਮਹਾਵੀਰ ਤੇ ਬੁੱਧ ਸਮੇਂ ਭਗਵਾਨ ਪਾਰਸ ਨਾਥ ਦੇ ਕਾਫੀ ਸਾਧੂ ਸਾਧਵੀ ਮਾਜੂਦ ਸਨ।

ਭਗਵਾਨ ਪਾਰਸ਼ ਨਾਥ ਦਾ ਜਨਮ 850 ਈ: ਪੂ: ਨੂੰ ਵਾਰਾਣਸੀ ਦੇ ਰਾਜਾ ਅਸਵਸੇਨ ਦੀ ਰਾਣੀ ਵਾਮਾ ਦੀ ਪਵਿੱਤਰ ਕੁਖੋਂ ਹੋਇਆ। ਉਸ ਦਿਨ ਪੋਹ ਕ੍ਰਿਸ਼ਨਾ 10 ਸੀ। ਆਪ ਨੂੰ ਡਾਕਟਰ ਜੇਕੋਬੀ ਨੇ ਭਾਰਤ ਦਾ ਪਹਿਲਾ ਇਤਿਹਾਸਕ ਮਹਾਂਪੁਰਸ਼ ਮੰਨਿਆ ਹੈ। ਆਪ ਦਾ ਸਮਾਂ ਹੱਠ ਯੁਗ ਸੀ ਲੋਕ ਅਗਿਆਨੀ ਬਣੇ ਹੋਏ, ਸ਼ਰੀਰ ਨੂੰ ਕਸ਼ਟ ਦਿੰਦੇ ਸਨ। ਸਾਧੂ ਨੰਗੇ ਹੋ ਕੇ ਜਲਸਮਾਧੀ ਗ੍ਰਹਿਣ ਕਰਦਾ। ਕੋਈ ਧੂਣੇ ਜਲਾਉਂਦਾ। ਕੋਈ ਉਲਟੇ ਹੋਕੇ ਦੇਹ ਨੂੰ ਕਸ਼ਟ ਦਿੰਦੇ ਸਨ। ਤਪ ਪ੍ਰਦਰਸ਼ਨ ਮਾਤਰ ਰਹਿ ਚੁਕਾ ਸੀ। ਰਾਜਕੁਮਾਰ ਪਾਰਸ਼ਵ ਨੂੰ ਇਸ ਗੱਲ ਦਾ ਨਿੱਜੀ ਤਜਰਬਾ ਕਮਠ ਯੋਗੀ ਦੀ ਘਟਨਾ ਤੋਂ ਹੋਇਆਂ। ਗੱਲ ਇੰਝ ਹੋਈ "ਕਮਠ ਨਾਂ ਦਾ ਇਕ ਸਨਿਆਸੀ ਵਾਰਾਣਸੀ ਨਗਰ ਤੋਂ ਬਾਹਰ ਧੂਣਾ ਲਗਾਈ ਬੈਠਾ ਸੀ। ਉਸ ਦੀ ਪ੍ਰਸਿਧੀ ਦੇਸ ਵਿਦੇਸ ਤੱਕ ਫੈਲ ਚੁਕੀ ਸੀ। ਮਾਤਾ ਪਿਤਾ ਦੇ ਆਖਣ ਤੇ ਉਹ ਸਨਿਆਸੀ ਨੂੰ ਵੇਖਣ ਗਏ। ਆਪਨੇ ਅਖਣੰ ਗਿਆਨ ਨਾਲ ਵੇਖਿਆ ਕਿ ਧੂਣੇ ਨੂੰ ਕਮਠ ਨਾਂ ਦਾ ਤਪੱਸਵੀ ਜਲਾ ਰਿਹਾ ਹੈ, ਉਸ ਲੱਕੜ ਵਿਚ ਇਕ ਨਾਗ ਤੇ ਨਾਗਨ ਦਾ ਜੋੜਾ ਜਲ ਰਿਹਾ ਹੈ ਰਾਜਕੁਮਾਰ ਪਾਰਸ਼ਵ ਨੇ ਉਸ ਲੱਕੜ ਨੂੰ ਜਨਤਾ ਦੇ ਸਾਹਮਣੇ ਕੁਲਹਾੜੀ ਤੋੜਿਆ। ਉਸ ਵਿਚੋਂ ਅੱਧੇ ਜਲੇ ਨਾਗ ਨਾਗਨ ਨੂੰ ਨਵਕਾਰ ਮਹਾਮੰਤਰ ਸੁਣਾਇਆ। ਇਹ ਮੰਤਰ ਦੇ ਪ੍ਰਤਾਪ ਸਦਕਾ ਨਾਗ ਨਾਗਨ ਧਰਨੇਂਦਰ ਦੇਵ ਅਤੇ ਪੱਦਮਾਵਤੀ ਦੇਵੀ ਦੇ ਰੂਪ ਵਿਚ ਸਵਰਗ ਵਿਚ ਪੈਦਾ ਹੋਏ।

ਪੋਹ ਕ੍ਰਿਸ਼ਨਾ 10 ਨੂੰ ਆਪ ਸਾਧੂ ਬਣ ਗਏ। ਜਦ ਆਪ ਤਪ ਕਰ ਰਹੇ ਸਨ ਤਾ ਕਮਠ ਸਾਧੂ ਮਰ ਕੇ ਮੇਘਮਾਲੀ ਨਾਂ ਦਾ ਦੇਵਤ ਬਣ ਗਿਆ। ਉਸ ਮੇਘਮਾਲੀ ਨੂੰ ਅਪਣਾ ਪਿਛਲੇ ਜਨਮ ਦਾ ਵੈਰ ਯਾਦ ਆ ਗਿਆ। ਆਪਣੀ ਦੇਵ ਸ਼ਕਤੀ ਰਾਹੀ ਉਸ ਨੇ ਅੱਠ ਦਿਨ ਵਰਖਾ ਤੁਫਾਨ ਪੈਦਾ ਕਰਕੇ ਭਗਵਾਨ ਪਾਰਸ਼ਨਾਥ ਦੇ ਤਪ ਵਿਚ ਵਿਘਨ ਪਾਉਣ ਦੀ ਕੋਸਿਸ ਕੀਤੀ। ਅਜਿਹੇ ਸਮੇ ਧਰਨੇਂਦਰ ਅਤੇ ਪਦਮਾਵਤੀ ਨੇ ਭਗਵਾਨ ਦੀ ਤਪੱਸਿਆ ਵਿਚ ਸਹਾਇਤਾ ਕੀਤੀ। ਪਦਮਾਵਤੀ ਨੇ ਭਗਵਾਨ ਪਾਰਸ਼ਨਾਥ ਨੂੰ ਸਿਰ ਤੇ ਧਾਰਨ ਕੀਤਾ ਧਰਨੇਂਦਰ ਨੇ ਸੱਪ ਫਨਾ ਰਾਹੀ ਭਗਵਾਨ ਪਾਰਸਨਾਥ ਦੇ ਸਿਰ ਤੇ ਛੱਤਰ ਕੀਤਾ। ਅਤੇ ਮੇਘਮਾਲੀ ਹਾਰ ਗਿਆ। ਚੇਤ ਕ੍ਰਿਸ਼ਨਾ 4 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ।

ਆਪ ਦਾ ਨਿਰਵਾਨ ਸਥਾਨ ਵੀ ਸਮੇਤ ਸ਼ਿਖਰ ਹੈ। ਅਜ ਉਸ ਪਹਾੜ ਤੇ ਸਟੇਸ਼ਨ ਦਾ ਨਾ ਵੀ ਪਾਰਸਨਾਥ ਹੈ ਇਸ ਜਗ੍ਹਾ ਤੇ 1000 ਮੁਨੀਆਂ ਨਾਲ ਸਾਵਨ ਸੁਕਲਾ 8 ਮੋਕਸ਼ ਪਧਾਰੇ ਆਪ ਦਾ ਸ਼ਰੀਰਕ ਚਿਨ੍ਹ ਸੱਪ ਹੈ। ਆਪ ਦੇ ਯਕਸ਼ ਧਰਨੇਂਦਰ ਤੇ ਸੇਵਕ ਯਕਸ਼ਨੀ ਪਦਮਾਵਤੀ ਹੈ।

# ਭਗਵਾਨ ਮਹਾਵੀਰ ਵਰਧਮਾਨ

ਜੈਨ ਧਰਮ ਦੇ ਅੰਤਮ ਤੀਰਥੰਕਰ ਨਿਰਗ੍ਰੰਥ, ਗਿਆਤਾਪੁਤਰ, ਸਨਮਤਿ ਵਰਧਮਾਨ ਦਾ ਜਨਮ ਖੱਤਰੀਕੁੰਡਗ੍ਰਾਮ ਦੇ ਰਾਜਾ ਸਿਧਾਰਥ ਦੀ ਮਹਾਰਾਣੀ ਤ੍ਰਿਸ਼ਲਾ ਦੀ ਕੁਖੋਂ ਚੇਤ ਸੁਕਲਾ 13 ਨੂੰ ਹੋਇਆ। ਭਗਵਾਨ ਮਹਾਵੀਰ ਦਾ ਸਮਾਂ ਗੁਲਾਮ ਪ੍ਰਥਾ ਛੂਆਛੂਤ, ਜਾਤਪਾਤ, ਪਸ਼ੂਬਲੀ, ਬ੍ਰਾਹਮਣ ਵਾਦ, ਵੈਦਿਕ ਕ੍ਰਿਆਕਾਡਾਂ ਦਾ ਸੀ। ਇਸਤਰੀ, ਸੁੱਦਰ ਅਤੇ ਗੁਲਾਮਾਂ ਦੀ ਹਾਲਤ ਪਸ਼ੂਆਂ ਤੋਂ ਬੁਰੀ ਸੀ ਉਨਾ ਦੀ ਮੰਡੀਆਂ ਵਿਚ ਨਿਲਾਮੀ ਦਾ ਕੰਮ ਜੋਰਾਂ ਤੇ ਸੀ। ਪਸ਼ੂਆਂ ਦੀਆਂ ਗਰਦਨਾ ਹੋਵਨਕੁੰਡ ਦਾ ਸਿੰਗਾਰ ਬਣ ਚੁਕੀਆਂ ਸਨ। ਇਨ੍ਹਾਂ ਸਭ ਬੁਰਾਈਆਂ ਇਕ ਪਾਸੇ ਪਾਸੇ ਸਨ ਦੂਸਰੇ ਪਾਸੇ ਮਹਿਲਾਂ ਦੇ ਸੁੱਖ ਸਨ। ਭਰਾ ਨੰਦੀ ਵਰਧਨ, ਭੈਣ ਸੁਦਰਸ਼ਨਾ ਦਾ ਅਥਾਹ ਪਿਆਰ ਸੀ। ਵੈਸ਼ਾਲੀ ਗਣਰਾਜ ਪ੍ਰਮੁੱਖ ਚੇਟਕ ਜੇਹੇ ਨਾਨਾ ਦੀ ਰਾਜਨੀਤਕ ਸਕਤੀ ਸੀ।

ਬਚਪਨ ਤੋਂ ਹੀ ਬਹਾਦਰ ਵਰਧਮਾਨ ਨੂੰ ਇਨ੍ਹਾਂ ਵਿਚੋਂ ਕੁੱਝ ਵੀ ਚੰਗਾ ਨਹੀਂ ਲਗਦਾ ਸੀ। ਸ਼ਵੇਤਾਂਬਰ ਪ੍ਰੰਪਰਾ ਅਨੁਸਾਰ ਉਨ੍ਹਾਂ ਦੀ ਸ਼ਾਦੀ ਕਲਿੰਗਾ ਦੇ ਰਾਜੇ ਜਿਤਸ਼ਤਰੂ ਦੀ ਪੁੱਤਰੀ ਯਸੋਧਾ ਨਾਲ ਹੋਈ ਆਪ ਦੇ ਤਿਆਗੀ ਮਨ ਨੂੰ ਪੁੱਤਰੀ ਪ੍ਰੀਆ ਦਰਸ਼ਨਾ ਦਾ ਮੋਹ ਮਹਿਲਾਂ ਦੀ ਚਾਰ ਦੀਵਾਰੀ ਵਿਚ ਰੱਖ ਨਾਂ ਸਕਿਆ। ਮਾਤਾ ਪਿਤਾ ਦੇ ਸਵਰਗਵਾਸ ਤੋਂ ਬਾਅਦ ਆਪ ਨੇ ਆਪਣੇ ਬੜੇ ਭਰਾ ਨੰਦੀਵਰਧਨ ਤੋਂ ਸਾਧੂ ਜੀਵਨ ਦੀ ਆਗਿਆ ਮੰਗੀ। ਬੜੇ ਭਰਾ ਦੇ ਆਖਣ ਤੇ ਆਪ ਸਾਧੂ ਰੂਪ ਵਿਚ ਦੋ ਸਾਲ ਘਰ ਰਹੇ। ਤੀਰਥੰਕਰ ਪ੍ਰੰਪਰਾ ਅਨੁਸਾਰ ਦਾਨ ਕੀਤਾ। ਪੁੱਤਰੀ ਦੀ ਸ਼ਾਦੀ ਆਪ ਪਹਿਲਾ ਹੀ ਜਮਾਲੀ ਰਾਜਕੁਮਾਰ ਨਾਲ ਕਰ ਚੁੱਕੇ ਸਨ।

30 ਸਾਲ ਦੀ ਭਰੀ ਜਵਾਨੀ ਵਿਚ ਰਾਜ ਮਹਿਲਾਂ ਦੇ ਸੁੱਖਾਂ ਨੂੰ ਠੋਕਰ ਮਾਰ ਕੇ ਗਿਆਤ ਖੰਡਬਾਗ ਵਿਖੇ ਆਪ ਮੱਘਰ ਕ੍ਰਿਸਨਾ 11 ਨੂੰ ਸਾਧੂ ਬਣ ਗਏ। ਭਗਵਾਨ ਮਹਾਵੀਰ ਦੀ ਤਪੱਸਿਆ ਬਾਰੇ ਜੈਨ ਅਚਾਰਿਆ ਦਾ ਆਖਣਾ ਹੈ ਸਾਰੇ ਤੀਰਥੰਕਰਾਂ ਦੀ ਤਪੱਸਿਆ ਦੇ ਸਾਹਮਣੇ ਭਗਵਾਨ ਮਹਾਵੀਰ ਦੀ 12 ½ ਸਾਲ ਦੀ ਤਪੱਸਿਆ ਮਹਾਨ ਕਸ਼ਟ ਭਰੀ ਸੀ। ਇਸ ਤਪੱਸਿਆ ਦੌਰਾਨ ਆਪ ਨੂੰ ਹਰ ਪ੍ਰਕਾਰ ਦੇ ਕਸ਼ਟ ਝੱਲਣੇ ਪਏ। ਆਪ ਦੇ ਕੰਨਾਂ ਵਿਚ ਕੀਲੇ ਠੋਕੇ ਗਏ, ਕਈ ਵਾਰ ਜਾਸੂਸ ਸਮਝ ਕੇ ਫਾਂਸੀ ਦਿੱਤੀ ਗਈ, ਕਈ ਵਾਰ ਚੋਰ ਸਮਝ ਕੇ ਕੁੱਟ ਮਾਰ ਖਾਣੀ ਪਈ ਜੰਗਲੀ ਪਸ਼ੂ, ਪੰਛੀ ਉਨ੍ਹਾਂ ਸਰੀਰ ਨੂੰ ਕਸ਼ਟ ਪਹੁਚਾਦੇ, ਜੰਗਲੀ ਲੋਕ ਉਨਾਂ ਪਿਛੇ ਕੁੱਤੇ ਛੱਡ ਦਿੰਦੇ। ਸਵਰਗ ਤੋਂ ਇਕੱਲਾ ਸੰਗਮ ਦੇਵ 6 ਮਹੀਨੇ ਭਗਵਾਨ ਮਹਾਵੀਰ ਨੂੰ ਕਸ਼ਟ ਦਿੰਦਾ ਰਿਹਾ। ਆਪ ਦੇ ਪੈਰਾਂ ਤੇ ਖੀਰ ਪਕਾਈ ਗਈ। ਦੇਵਤੇ, ਮਨੁੱਖ ਆਪ ਨੂੰ ਭਿੰਨ ਭਿੰਨ ਢੰਗਾ ਨਾਲ ਆਪਣੀ ਸਮਾਧੀ ਤੋਂ ਗਿਰਾਉਣ ਦੀ ਕੋਸ਼ਿਸ ਕਰਦੇ। ਪਰ ਆਪ ਕਦੇ ਵੀ ਦੁੱਖਾਂ ਤੋਂ ਨਹੀ ਘਬਰਾਏ ਕਿਸੇ ਤੋਂ ਸਹਾਇਤਾ ਨਹੀ ਮੰਗੀ। ਆਪ ਨੇ ਮਨੁੱਖਾ ਨੂੰ ਹੀ ਨਹੀ ਚੰਡ ਕੌਸ਼ਕ ਜੇਹ ਨਾਗ ਨੂੰ ਸਿਧਾ ਰਾਹ ਵਿਖਾਇਆ ਦਾਸੀ ਚੰਦਨਾ ਦੇ ਹੱਥੋਂ ਆਪਣੇ ਭੋਜਨ ਗ੍ਰਹਿਣ ਦਾਸ ਪ੍ਰਥਾ ਦੇ ਅੰਤ ਕੀਤਾ।

ਲੰਬਾ ਸਮਾਂ ਤਪ ਕਰਨ ਤੋਂ ਬਾਅਦ ਆਪ ਰਿਜੂਬਾਲਿਕਾ ਨਦੀ ਦੇ ਕਿਨਾਰੇ ਸਿਆਮ ਨਾਂ

ਕਿਸਾਨ ਦੇ ਧਾਨ ਦੇ ਖੇਤ ਵਿਚ ਗੋਦੋਹਿਕਾ ਆਸਨ ਵਿਚ ਧਿਆਨ ਲਾਈ ਬੈਠੇ ਸਨ। ਵੈਸਾਖ ਸ਼ੁਕਲਾ 10 ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ।

ਆਪ ਦਾ ਪਹਿਲਾ ਉਪਦੇਸ਼ 42 ½ ਸਾਲ ਦੀ ਉਮਰ ਵਿਚ ਪਾਵਾ ਪੁਰੀ ਵਿਖੇ ਹੋਈਆ। ਇਸ ਜਗ੍ਹਾ ਤੇ ਇੰਦਰ ਭੂਤੀ ਗੌਤਮ ਆਦਿ 4400 ਵਿਦਵਾਨ ਯੱਗ ਕਰ ਰਹੇ ਸਨ। ਆਪ ਦੇ ਪਹਿਲੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਬ੍ਰਾਹਮਣ ਆਪ ਦੇ ਚੇਲੇ ਬਣ ਗਏ ਆਪ ਦੇ 14000 ਸਾਧੂਆ ਦੇ ਪ੍ਰਮੁਖ ਵੇਦ ਵਿਦਵਾਨ ਇੰਦਰ ਭੂਤੀ ਗੌਤਮ ਸਨ। ਸਾਧਵੀ ਪ੍ਰਮੁਖ ਦਾਸੀ ਚੰਦਨਵਾਲਾ ਸੀ। ਸਾਧਵੀਆਂ ਦੀ ਗਿਣਤੀ 36000 ਸੀ। ਆਪ ਦੇ ਧਰਮ ਸੰਘ ਵਿਚ ਹਰ ਜਾਤ, ਫਿਰਕੇ ਨਸਲ, ਰੰਗ ਭਾਸ਼, ਕਿਤੇ ਦੇ ਲੋਕ ਸ਼ਾਮਲ ਸਨ। ਇਸਤਰੀਆਂ ਤੇ ਸੁਦਰਾ ਨੂੰ ਸਮਾਜਿਕ ਤੇ ਧਾਰਮਿਕ ਸਮਾਨਤਾ ਮਹੱਤਮਾ ਬੁੱਧ ਤੋ ਪਹਿਲਾ ਆਪ ਨੇ ਪ੍ਰਦਾਨ ਕੀਤੀ। ਭਗਵਾਨ ਮਹਾਵੀਰ ਨੇ ਆਪਣਾ ਧਰਮ ਉਪਦੇਸ਼ ਲੋਕ ਭਾਸ਼ਾ ਵਿਚ ਦਿੱਤਾ। ਭਗਵਾਨ ਮਹਾਵੀਰ ਦੀ ਬਾਣੀ ਝੋਪਣੀ ਤੋਂ ਰਾਜਮਹਿਲਾਂ ਤੱਕ ਪਹੁੰਚੀ।


ਉਸ ਸਮੇਂ ਦੇ ਅਨੇਕ ਰਾਜੇਆਂ, ਰਾਜਕੁਮਾਰਾਂ, ਰਾਣੀਆ, ਸੇਠਾ ਨੂੰ ਸੰਸਾਰਿਕ ਸੁੱਖਾਂ ਨੂੰ ਠੋਕਰ ਮਾਰ ਭਗਵਾਨ ਮਹਾਵੀਰ ਦਾ ਸਾਧੂ ਧਰਮ ਤੇ ਗ੍ਰਹਿਸਥ ਧਰਮ ਅੰਗੀਕਾਰ ਕੀਤਾ।

ਭਗਵਾਨ ਮਹਾਵੀਰ ਨੇ ਅਪਣਾ ਅੰਤਮ ਚੋਮਾਸਾ ਪਾਵਾ ਪੁਰੀ ਵਿਖੇ 527 ਈ: ਪੂ: ਨੂੰ ਕੀਤਾ ਆਪ ਦਾ ਅੰਤਮ ਉਪਦੇਸ਼ ਸ੍ਰੀ ਉਤਰਾ ਆਪ ਦੇ ਨਿਰਵਾਨ ਦੀ ਯਾਦ ਵਿਚ ਵੀਰ ਸੰਬਤ ਚਲਿਆ। ਆਪ ਦੇ ਨਿਰਵਾਨ ਤੋਂ ਬੜੇ ਭਰਾ ਰਾਜਾ ਨੰਦੀਵਰਧਨ ਨੂੰ ਬਹੁਤ ਦੁੱਖ ਪੁਜਾ। ਭੈਣ ਸੁਦਰਸਨਾ ਨੇ ਘਰ ਬੁਲਾ ਕੇ ਆਪਣੇ ਭਰਾ ਨੂੰ ਟੀਕਾ ਕੀਤਾ ਖਾਣਾ ਖਿਲਾ ਕੇ ਸਮਝਾਈਆ ਇਹੋ ਦਿਨ ਭਾਈ ਦੂਜ ਅਖਵਾਈਆਂ। ਧਿਐਨ ਸੂਤਰ ਦੇ 36 ਅਧਿਐਨਾ ਵਿਚ ਦਰਜ ਹੈ। ਇਥੇ ਹੀ ਆਪ ਦੀ ਯਾਦ ਵਿਚ ਆਪ ਦੇ ਭਰਾ ਰਾਹੀ ਜਲ ਮੰਦਰ ਬਣਾਇਆ ਗਿਆ। ਜਿਥੇ ਹਰ ਦੀਵਾਲੀ (ਨਿਰਵਾਨ ਦਿਵਸ) ਤੇ ਮੇਲਾ ਲਗਦਾ ਹੈ।

ਚੰਦਰ ਗੁਪਤ ਮੋਰੀਆ, ਬਿੰਦੂ ਸ਼ਾਰ, ਸੰਪਰਪ੍ਰਤਿ, ਕੁਮਾਰ ਪਾਲ ਆਦਿ ਅਨੇਕਾਂ ਰਾਜਿਆਂ ਨੇ ਜੈਨ ਧਰਮ ਨੂੰ ਰਾਜਾ ਧਰਮ ਦਾ ਦਰਜਾ ਦਿੱਤਾ। ਦੱਖਣ ਦੇ ਕਈ ਗੰਗ, ਚੋਲ, ਹੋਯਸਲ, ਚਾਲੁਕਿਅ ਕਲਚਰੀ ਆਦਿ ਬੰਸਾਂ ਦੇ ਅਨੇਕਾ ਰਾਜਿਆਂ ਨੇ 11 ਸਦੀ ਤੱਕ ਜੈਨ ਧਰਮ ਨੂੰ ਰਾਜ ਧਰਮ ਬਣਾਇਆ ਮੁਸਲਮਾਨ ਬਾਦਸ਼ਾਹਾਂ ਨਾਲ ਵੀ ਜੈਨ ਗ੍ਰਹਿਸਥ ਤੇ ਮੁਨੀਆਂ ਦੇ ਚੰਗੇ ਸਬੰਧ ਰਹੇ। ਭਾਰਤ ਦੀ ਅਜਾਦੀ ਲਹਿਰ ਵਿਚ ਜੈਨ ਧਰਮੀਆਂ ਨੇ ਹੋਰ ਧਰਮਾ ਵਾਲਿਆਂ ਵਾਲੇ ਬਰਾਂਬਰ ਦਾ ਹਿਸਾ ਪਾਇਆ ਭਗਵਾਨ ਮਹਾਵੀਰ ਦੇ ਨਿਰਵਾਨ ਤੋ ਬਾਅਦ ਜੈਨ ਧਰਮ ਦੇ ਮੁਖ ਫਿਰਕੇ 4 ਹਨ (1) ਸ਼ਵੇਤਾਂਬਰ ਮੂਰਤੀਪੂਜਕ (2) ਸਥਾਨਕ ਵਾਸੀ (3) ਤੇਰਹ ਪੰਥੀ (4) ਦਿਗੰਬਰ (ਨਗਨ ਮੁਨੀਆਂ ਦਾ ਫਿਰਕਾ)

# ਸਿੰਧੂਰ ਪ੍ਰਕਰਣ

**(Sindoor Parkaran)**



ਮੂਲ ਲੇਖਕ : ਅਚਾਰਿਆ ਸ਼੍ਰੀ ਸੋਮ ਪ੍ਰਭ ਸੁਰੀ

ਅਨੁਵਾਦਕ : ਪੁਰਸ਼ੋਤਮ ਜੈਨ ਰਵਿੰਦਰ ਜੈਨ

ਪ੍ਰਕਾਸ਼ਕ : 26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ

ਮਹਾਵੀਰ ਸਟਰੀਟ, ਪੁਰਾਣਾ ਬਸ ਸਟੈਂਡ,
ਮਾਲੇਰਕੋਟਲਾ।
ਫੋਨ ਨੰਬਰ : 098158-05555

ਕੰਪਿਊਟਰ ਟਾਈਪ ਸੈਟਿੰਗ : ਓਮੇਗਾ ਕੰਪਿਊਟਰਜ਼,
ਮਾਲੇਰਕੋਟਲਾ।

## ਕੁਝ ਇਸ ਰਚਨਾ ਬਾਰੇ

ਜੈਨ ਆਚਾਰਿਆਂ ਨੇ ਜਿੱਥੇ ਅਨੇਕਾਂ ਆਮ ਲੋਕਾਂ ਦੀ ਭਾਸ਼ਾ ਵਿਚ ਵਿਸ਼ਾਲ ਸਾਹਿੱਤ ਰਚਿਆ ਹੈ ਉੱਥੇ ਜੈਨ ਆਚਾਰਿਆਂ ਨੇ ਬ੍ਰਾਹਮਣਾ ਦੀ ਧਰਮ ਭਾਸ਼ਾ ਸੰਸਕ੍ਰਿਤ ਵਿਚ ਵੀ ਵਿਸ਼ਾਲ ਸਾਹਿੱਤ ਰਚਿਆ ਹੈ। ਸੰਸਕ੍ਰਿਤ ਸਾਹਿੱਤ ਵਿਚ ਗਦ ਤੇ ਪਦ ਦੋਵੇਂ ਰਚਨਾਵਾਂ ਉਪਲਬਧ ਹਨ। ਵਿਸ਼ਾ ਚਾਹੇ ਆਗਮਾਂ ਦੀ ਟੀਕਾ ਦਾ ਹੋਵੇ ਚਾਹੇ ਤਰਕ ਦਾ, ਚਾਹੇ ਜੋਤਿਸ਼ ਦਾ, ਚਾਹੇ ਤੱਤਵ ਵਿੱਦਿਆ ਦਾ, ਚਾਹੇ ਪੁਰਾਣ ਦਾ। ਸੰਸਕ੍ਰਿਤ ਵਿਚ ਜੈਨ ਫਿਰਕਿਆਂ ਦੇ ਸਭ ਆਚਾਰਿਆਂ ਨੇ ਕਲਮ ਚਲਾਈ ਹੈ। ਇਨ੍ਹਾਂ ਆਚਾਰਿਆਂ ਵਿਚ ਪਹਿਲੇ ਆਚਾਰਿਆ ਤਤਵਾਰਥ ਸੂਤਰ ਦੇ ਰਚਨਾ ਵਾਲੇ ਆਚਾਰਿਆ ਸਨ। ਫਿਰ ਆਚਾਰਿਆ ਸਿਧਸੇਨ, ਅਭੇ ਦੇਵ, ਅਕਲੰਕ, ਸ਼ੀਲਾਂਕ, ਮਾਨਤੁੰਗ, ਵਿਨੈ ਵਿਜੇ, ਜਿਨ ਵਿਜੈ, ਜਿਨ ਪ੍ਰਭ ਸੂਰੀ ਜਿਹੇ ਮਹਾਨ ਸਾਹਿਤਕਾਰ ਹੋਏ ਹਨ।

ਜੈਨ ਆਚਾਰਿਆਂ ਨੇ ਆਤਮਾ ਦੇ ਕਲਿਆਣ ਲਈ ਤੀਰਥੰਕਰਾਂ ਦੀ ਬਾਣੀ ਦੇ ਵਿਸਥਾਰ ਲਈ ਗ੍ਰੰਥਾਂ ਦੀ ਰਚਨਾ ਕੀਤੀ। ਸੰਸਕ੍ਰਿਤ ਵਿਚ ਸ਼ਤਕ ਦੀ ਪ੍ਰੰਪਰਾ ਬਹੁਤ ਪ੍ਰਾਚੀਨ ਹੈ। ਰਾਜਾ ਭਰਥਰੀ ਹਰੀ ਦੇ ਤਿੰਨ ਸ਼ਤਕ ਬਹੁਤ ਮਸ਼ਹੂਰ ਹਨ। ਇਸ ਤਰ੍ਹਾਂ ਜੈਨ ਆਚਾਰਿਆਂ ਨੇ ਉਸੇ ਪ੍ਰੰਪਰਾ ਨੂੰ ਅੱਗੇ ਵਧਾਉਂਦੇ ਹੋਏ 18 ਪਾਪਾਂ, ਮਿੱਥਿਆਤਵ ਕਾਰਨ ਹੋਣ ਵਾਲੇ ਨੁਕਸਾਨ, ਅਤੇ ਤਿੰਨ ਰਤਨਾਂ ਦੀ ਪਾਲਣਾ ਕਰਨ ਵਾਲੇ ਜੀਵ ਨੂੰ ਜੋ ਫਾਇਦਾ ਹੁੰਦਾ ਹੈ, ਉਸ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਸ਼ਤਕਾਂ ਦੀ ਰਚਨਾ ਕੀਤੀ ਹੈ।

ਪ੍ਰਸਤੁਤ ਰਚਨਾ ਸਿੰਧੂਰ ਪ੍ਰਕਰਣ ਇਸੇ ਪ੍ਰਕਾਰ ਦੀ ਰਚਨਾ ਹੈ। ਇਸ ਰਚਨਾ ਦੇ ਰਚਿਅਤਾ ਆਚਾਰਿਆ ਸੋਮਦੇਵ ਸੂਰੀ ਹੋਏ ਹਨ। ਉਨ੍ਹਾਂ ਇਸ ਗ੍ਰੰਥ ਦਾ ਦੂਸਰਾ ਨਾਂਅ ਸ਼ਕਤੀ ਮੁਕਤਾਵਲੀ ਵੀ ਦਿੱਤਾ ਹੈ। ਆਪ ਦਾ ਸਮਾਂ ਤੇ ਰਚਨਾ ਕਾਲ ਤਾਂ ਪਤਾ ਨਹੀਂ ਲੱਗਦਾ। ਪਰ ਇਨ੍ਹਾਂ

ਤਹਿ ਹੋ ਗਿਆ ਕਿ ਪੰਜਵੀਂ ਸਦੀ ਦੇ ਨਜ਼ਦੀਕ ਹੋਏ ਸਨ। ਆਪ ਦੀ ਇਹ ਰਚਨਾ ਜੈਨ ਸਮਾਜ ਵਿਚ ਬਹੁਤ ਪ੍ਰਸਿੱਧ ਹੈ। ਸੋਮਦੇਵ ਨੂੰ ਦਿਗੰਬਰ ਆਪਣੀ ਪਰੰਪਰਾ ਦਾ ਮੰਨਦੇ ਹਨ ਅਤੇ ਸ਼ਵੇਤਾਂਬਰ ਆਪਣੀ ਪਰੰਪਰਾ ਦਾ। ਪਰ ਸਾਡਾ ਇੱਥੇ ਇੱਕੋ ਇੱਕ ਉਦੇਸ਼ ਉਸ ਤੀਰਥੰਕਰ ਬਾਣੀ ਦੇ ਸੱਚ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਹੈ। ਉਸ ਮਹਾਨ ਆਚਾਰਿਆ ਨੇ ਆਪਣੀ ਕੋਈ ਪਹਿਚਾਣ ਲਈ ਕੋਈ ਸ਼ਲੋਕ ਇਸ ਰਚਨਾ ਵਿੱਚ ਨਹੀਂ ਦਿੱਤਾ।

ਆਚਾਰਿਆ ਸੋਮਦੇਵ ਮੁਨੀ ਰਾਜ ਵਿਚ ਸਰੇਸ਼ਟ ਸਨ। ਉਨ੍ਹਾਂ ਦੇ ਗੁਰੂ ਅਜਿੱਤ ਦੇਵ ਆਚਾਰਿਆ ਸੀ। ਇਹ ਸੁਕਤ ਮੁਕਤਾਵਲੀ ਗ੍ਰੰਥ ਜੋ ਸੀਪ ਵਿੱਚ ਪੈਦਾ ਹੋਣ ਵਾਲੇ ਮੋਤੀ ਦੀ ਆਭਾ ਨੂੰ ਪ੍ਰਾਪਤ ਹੋਇਆ ਹੈ। ਇਹ ਆਚਾਰਿਆ ਵਿਜੇ ਸਿੰਘ ਆਚਾਰਿਆ ਦੀ ਸੇਵਾ ਭੰਵਰੇ ਦੀ ਤਰ੍ਹਾਂ ਕਰਦੇ ਸਨ।

ਸਾਡੇ ਵਿਚਾਰ ਵਿਚ ਇਹ ਸ਼ਵੇਤਾਂਬਰ ਗ੍ਰੰਥ ਹੈ ਕਿਉਂਕਿ ਇਸ ਦੀਆਂ ਕਹਾਣੀਆਂ ਸ਼ਵੇਤਾਂਬਰ ਹਨ ਪਰ ਅਸੀਂ ਵਿਸਥਾਰ ਦੇ ਡਰ ਤੋਂ ਛੱਡ ਦਿੱਤੀਆਂ ਹਨ। 1691 ਵਿਚ ਗੁਜ਼ਰਾਤੀ ਵਿਚ ਵੀ ਇਸ ਦੀ ਟੀਕਾ ਵੈਸਾਖ ਸੁਦੀ 11 ਦਿਨ ਦਿਨ ਸੋਮਵਾਰ ਨੂੰ ਪੂਰੀ ਕੀਤੀ।

ਅਸੀਂ ਇਹ ਗ੍ਰੰਥ ਜਿਨ ਸ਼ਾਸਨ ਪ੍ਰਭਾਵਿਕਾ ਉਪ-ਪਰਿਵਰਤਨੀ ਸੰਥਾਰਾ ਸਾਧਿਕਾ ਜੈਨ ਜੋਤੀ ਸਾਧਵੀ ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਸੰਪੂਰਨ ਕੀਤਾ। ਉਨ੍ਹਾਂ ਦਾ ਪੰਜਾਬੀ ਜੈਨ ਸਾਹਿਤ ਨੂੰ ਵੱਡਮੁੱਲਾ ਆਸ਼ੀਰਵਾਦ ਪ੍ਰਾਪਤ ਹੈ।

– ਅਨੁਵਾਦਕ

ਪੁਰਸ਼ਤੋਮ ਜੈਨ, ਰਵਿੰਦਰ ਜੈਨ

1.

## ਸੋਮਦੇਵ ਆਚਾਰਿਆ ਦੁਆਰਾ
## ਭਗਵਾਨ ਪਾਰਸ਼ਵਨਾਥ ਦੀ ਸਤੁਤੀ

ਭਗਵਾਨ ਪਾਰਸ਼ਵ ਨਾਥ ਦੇ ਚਰਨਾਂ ਦੇ ਨਹੁੰ ਦੀ ਰੋਸ਼ਨੀ ਸਭ ਦੀ ਰੱਖਿਆ ਕਰੇ। ਜਿਨ੍ਹਾਂ ਦਾ ਤਪ ਰੂਪੀ ਹਾਥੀਆਂ ਨੇ ਮੱਥੇ ਵਿਚਕਾਰ ਕੇਸਰ ਦੇ ਟਿੱਕੇ ਦੇ ਲਾਲ ਰੰਗ ਹੋਣ ਕਾਰਨ ਸਿੰਧੂ ਦੀ ਸ਼ੋਭਾ ਪ੍ਰਾਪਤ ਕੀਤੀ ਹੈ, ਜੋ ਚਾਰ ਕਸ਼ਾਇ (ਕਰੋਧ, ਮਾਨ, ਮਾਇਆ, ਲੋਭ) ਰੂਪੀ ਜੰਗਲ ਦੀ ਅੱਗ ਨੂੰ ਖ਼ਤਮ ਕਰਨ ਵਾਲੇ ਹਨ, ਜਿਨ੍ਹਾਂ ਚਰਨ ਕਮਲਾਂ ਦੇ ਨਹੁੰਆਂ ਦੀ ਰੋਸ਼ਨੀ ਸਵੇਰੇ ਨਿਕਲਣ ਵਾਲੇ ਸੂਰਜ ਦੀ ਤਰ੍ਹਾਂ ਹੈ। ਜਿਸ ਦਾ ਪ੍ਰਕਾਸ਼ ਲਕਸ਼ਮੀ ਦੀ ਤਰ੍ਹਾਂ ਹੈ, ਜਿਸ ਦਾ ਮੁੱਖ ਰੂਪੀ ਕਮਲ ਨਵੇਂ ਉੱਗਦੇ ਕਮਲ ਦੇ ਬੂਟੇ ਤੇ ਪੱਤੇ ਦੀ ਤਰ੍ਹਾਂ ਵਿਸਥਾਰ ਵਾਲਾ ਹੈ, ਜੋ ਤਰਨ ਵਾਲੇ ਜੀਵਾਂ ਲਈ ਸੂਰਜ ਦੇ ਪ੍ਰਕਾਸ਼ ਦੀ ਤਰ੍ਹਾਂ ਹਨ, ਜਿਨ੍ਹਾਂ ਦੇ ਪ੍ਰਭਾਵ ਨਾਲ ਅਗਿਆਨ ਹਨ੍ਹੇਰਾ ਖ਼ਤਮ ਹੋ ਜਾਂਦਾ ਹੈ। ਹੇ ਤਰਨ ਦੇ ਇੱਛੁਕ ਜੀਵੋ ! ਪ੍ਰਮਾਤਮਾ ਸ੍ਰੀ ਪਾਰਸ਼ਵਨਾਥ ਦੀ ਸੇਵਾ ਕਰੋ, ਜਿਨ੍ਹਾਂ ਦੀ ਸੇਵਾ ਨਾਲ ਵਿਸ਼ੇਸ਼ ਪੁੰਨ ਦੀ ਪ੍ਰਾਪਤੀ ਹੋ ਜਾਂਦੀ ਹੈ।

<u>ਗ੍ਰੰਥ ਪ੍ਰਤਿੱਗਿਆ</u>

(2)

ਸਾਧੂ ਤੇ ਸੱਜਣ ਲੋਕ ਪ੍ਰਸੰਨ ਮਨ ਨਾਲ ਸੱਤ ਅਤੇ ਅਸੱਤ ਦੇ ਜਾਨਣ ਲਈ ਉਤਾਵਲੇ ਰਹਿੰਦੇ ਹਨ, ਜਿਸ ਪ੍ਰਕਾਰ ਪਾਣੀ ਤੋਂ ਕਮਲ ਪੈਦਾ ਹੁੰਦਾ ਹੈ ਅਤੇ ਸੂਰਜ ਦੇ ਪ੍ਰਗਟ ਹੋਣ ਤੇ ਕਮਲ ਖਿੜ ਜਾਂਦੇ ਹਨ, ਉਨ੍ਹਾਂ ਕਮਲਾਂ ਦੀ ਖੁਸ਼ਬੂ ਦਾ ਵਿਸਥਾਰ ਕਰਨ ਵਾਲੀ ਹਵਾ ਹੁੰਦੀ ਹੈ, ਉਸੇ ਪ੍ਰਕਾਰ ਮੈਂ ਸੋਮਦੇਵ ਆਚਾਰਿਆ ਗਰੰਥ ਦੀ ਰਚਨਾ ਕਰਾਂਗਾ, ਜਿਸ ਪ੍ਰਕਾਰ ਸੂਰਜ ਦੀ ਕਿਰਨ ਕਮਲ ਨੂੰ ਫੈਲਾਉਂਦੀ ਹੈ ਅਤੇ ਹਵਾ ਉਸ ਦੀ ਖੁਸ਼ਬੂ ਚਾਰੇ ਪਾਸੇ ਖਿਲਾਰਦੀ ਹੈ, ਉਸੇ ਪ੍ਰਕਾਰ ਕਵੀ ਦੇ ਰਾਹੀਂ ਕੀਤੀ ਜਾਣ ਵਾਲੀ ਰਚਨਾ ਦੀ ਮਸ਼ਹੂਰੀ ਸੱਜਣ ਕਰਦੇ ਹਨ। ਇਸ ਕਾਵਿ ਵਿਚ

ਜੇ ਗੁਣ ਹੋਵੇਗਾ ਤਾਂ ਤਰਨਹਾਰ ਜੀਵ ਉਸ ਦਾ ਪ੍ਰਚਾਰ ਜ਼ਰੂਰ ਕਰਨਗੇ। ਇਸ ਗ੍ਰੰਥ ਵਿਚ ਜੇ ਕੋਈ ਗੁਣ ਜ਼ਰੂਰ ਹੋਵੇਗਾ ਤਾਂ ਇਸ ਗ੍ਰੰਥ ਦਾ ਵਿਸਥਾਰ (ਪ੍ਰਚਾਰ) ਆਪਣੇ ਆਪ ਹੋਵੇਗਾ। ਜੇ ਮੇਰੀ ਬਾਣੀ ਵਿਚ ਗੁਣ ਨਹੀਂ ਹੋਵੇਗਾ ਤਾਂ ਕੌਣ ਵਿਸਥਾਰ ਕਰੇਗਾ ?

(3)

<u>ਧਰਮ ਦਾ ਮਹੱਤਵ</u> :

ਧਰਮ, ਅਰਥ ਤੇ ਕਾਮ ਇਹ ਤਿੰਨ ਕਰਮ ਸਾਰੇ ਹੀ ਜੀਵਾਂ ਲਈ ਕਰਨ ਯੋਗ ਹਨ, ਜਿਨ੍ਹਾਂ ਦੇ ਜੀਵਨ ਦਾ ਇਨ੍ਹਾਂ ਵਿਚੋਂ ਇਕ ਵੀ ਉਦੇਸ਼ ਨਹੀਂ, ਉਸ ਦਾ ਜੀਵਨ ਬੱਕਰੀ ਦੇ ਗਲ ਵਿਚ ਪਾਈ ਪਟੇ ਦੀ ਤਰ੍ਹਾਂ ਹੈ। ਇਨ੍ਹਾਂ ਤਿੰਨਾਂ ਤੋਂ ਬਿਨਾਂ ਜਿਨ੍ਹਾਂ ਲੋਕਾਂ ਨੂੰ ਧਨ ਤੇ ਭੋਗਾਂ ਦੀ ਇੱਛਾ ਹੁੰਦੀ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਮਨ, ਬਚਨ ਅਤੇ ਕਾਇਆ ਰਾਹੀਂ ਭਗਵਾਨ ਸਰਵਗ ਵੀਤਰਾਗ ਤੀਰਥੰਕਰ ਰਾਹੀਂ ਦੱਸੇ ਧਰਮ ਦਾ ਪਾਲਣ ਕਰਨ ਕਿਉਂਕਿ ਬਿਨਾਂ ਧਰਮ ਦੇ ਧਨ ਦੀ ਪ੍ਰਾਪਤੀ ਨਹੀਂ। ਧਨ ਤੋਂ ਬਿਨਾਂ ਧਨ ਤੇ ਸੰਪਤੀ ਅਤੇ ਭੋਗ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਧਰਮ ਤੋਂ ਪੁੰਨ, ਪੁੰਨ ਤੋਂ ਧਨ ਅਤੇ ਭੋਗਾਂ ਦੀ ਪ੍ਰਾਪਤੀ ਹੁੰਦੀ ਹੈ। ਅਜਿਹਾ ਪਹਿਲਾਂ ਹੋਏ ਧਰਮ ਅਚਾਰਿਆਂ ਦਾ ਫੁਰਮਾਨ ਹੈ।

(4)

ਜੋ ਅਗਿਆਨੀ ਮਨੁੱਖ ਕਠਿਨਤਾ ਨਾਲ ਪ੍ਰਾਪਤ ਹੋਣ ਵਾਲੇ ਮਨੁੱਖ ਜਨਮ ਨੂੰ ਪਾ ਕੇ, ਯਤਨ ਪੂਰਵਕ ਜਿਨੇਂਦਰ ਪ੍ਰਮਾਤਮਾ ਰਾਹੀਂ ਆਖੇ ਧਰਮ (ਜੈਨ) ਨੂੰ ਅਖ਼ਤਿਆਰ ਨਹੀਂ ਕਰਦਾ ਹੈ। ਪ੍ਰਮਾਦ (ਅਣਗਹਿਲੀ) ਨਾਲ ਕਦੇ ਵੀ ਮਨੁੱਖ ਜਨਮ ਪ੍ਰਾਪਤ ਨਹੀਂ ਹੁੰਦਾ।

ਅਜਿਹੇ ਚਿੰਤਾਮਣੀ ਰਤਨ ਦੀ ਤਰ੍ਹਾਂ ਮਨੁੱਖੀ ਜਨਮ ਦਾ ਜੋ ਲਾਭ ਨਹੀਂ ਉਠਾਉਂਦਾ (ਪ੍ਰਮਾਦ ਕਾਰਨ) ਸਗੋਂ ਮੋਹ ਦੇ ਕਾਰਨ, ਜੋ ਵਿਸ਼ੇ

ਵਾਸਨਾ ਵਿਚ ਉਲਝ ਕੇ ਸੰਸਾਰ ਰੂਪੀ ਸਮੁੰਦਰ ਵਿਚ ਸੁੱਟ ਦਿੰਦਾ ਹੈ, ਉਸ ਦਾ ਜਨਮ ਲੈਣਾ ਬੇਕਾਰ ਹੈ।

(5)

ਜਿਹੜਾ ਇਹ ਸੰਸਾਰੀ ਮਨੁੱਖ ਨਿੰਦਾ, ਵਿਕਥਾ (ਰਾਜ ਕਥਾ, ਇਸਤਰੀ ਕਥਾ, ਭੋਜਨ ਕਥਾ, ਚੋਰ ਕਥਾ) ਕਸ਼ਾਇ (ਕਰੋਧ, ਮਾਨ, ਮਾਇਆ, ਲੋਭ) ਇੰਦਰੀਆਂ (ਸਪਰਸ਼, ਰਸ, ਪ੍ਰਾਣ, ਅੱਖ, ਕੰਨ) ਦੇ ਵਿਸ਼ੇ ਵਿਚ ਫਸਿਆ ਪ੍ਰਾਣੀ ਬੜੀ ਮੁਸ਼ਕਿਲ ਨਾਲ ਪ੍ਰਾਪਤ ਹੋਣ ਵਾਲੇ, ਮਨੁੱਖ ਜਨਮ ਨੂੰ ਬੇਅਰਥ ਗਵਾ ਰਿਹਾ ਹੈ, ਉਹ ਮਨੁੱਖ ਸੋਨੇ ਦੀ ਥਾਲੀ ਨੂੰ ਗੰਦਰਗੀ ਨਾਲ ਲਬੇੜਦਾ ਹੈ, ਅੰਮ੍ਰਿਤ ਨੂੰ ਪਾ ਕੇ, ਉਸ ਨਾਲ ਪੈਰ ਧੋਂਦਾ ਹੈ, ਉੱਤਮ ਜਾਤੀ ਦੇ ਹਾਥੀ ਨੂੰ ਪਾ ਕੇ ਉਸ ਹਾਥੀ ਤੇ ਲੱਕੜਾਂ ਦਾ ਬੋਝ ਢੋਂਦਾ ਹੈ, ਚਿੰਤਾਮਣੀ ਰਤਨ ਪਾ ਕੇ ਉਸ ਰਤਨ ਨੂੰ ਰੋੜਾ ਸਮਝ ਕੇ ਉਸ ਤੋਂ ਕਾਂ ਉਡਾਉਣ ਦਾ ਕੰਮ ਲੈਂਦਾ ਹੈ। ਭਾਵ ਮਨੁੱਖ ਜਨਮ ਪਾ ਕੇ ਜੋ ਮਨੁੱਖ ਸਮਿਅੱਕਤਵ (ਸੱਚਾ ਰਾਹ) ਦੀ ਥਾਂ ਮਿਥਿਆਤਵ (ਝੂਠਾ ਰਾਹ) ਨੂੰ ਗ੍ਰਹਿਣ ਕਰਦਾ ਹੈ, ਉਪਰੋਕਤ ਉਦਾਹਰਣਾਂ ਮਿਥਿਆਤਵੀਆਂ ਲਈ ਹਨ।

(6)

ਅਗਿਆਨੀ ਜੀਵ ਦੇ ਲੱਛਣ :

ਅਗਿਆਨੀ ਮੋਹ ਵਿਚ ਫਸਿਆ ਮਨੁੱਖ ਕਲਪ ਬ੍ਰਿਖ ਨੂੰ ਜੜ੍ਹ ਤੋਂ ਉਖਾੜ ਕੇ ਉਸ ਦੀ ਥਾਂ ਧਤੂਰੇ ਦਾ ਦਰਖ਼ਤ ਆਪਣੇ ਘਰ ਵਿਚ ਬੀਜਦਾ ਹੈ। ਚਿੰਤਾਮਣੀ ਰਤਨ ਸੁੱਟ ਕੇ ਆਪਣੇ ਕੋਲ ਕੰਚ ਰੱਖਦਾ ਹੈ। ਹਾਥੀ ਜੋ ਸੁਮੇਰੂ ਪਰਬਤ ਦੀ ਤਰ੍ਹਾਂ ਉੱਚਾ ਹੁੰਦਾ ਹੈ, ਉਸ ਨੂੰ ਵੇਚ ਕੇ ਮੂਰਖ ਗਧੇ ਨੂੰ ਖਰੀਦਦਾ ਹੈ। ਜੋ ਧਰਮ ਪ੍ਰਾਪਤ ਹੈ, ਉਸ ਨੂੰ ਤਿਆਗ ਕੇ ਨੀਚ ਧਰਮ, ਪੰਜ ਇੰਦਰੀਆਂ ਦੇ ਭੋਗਾਂ ਦੀ ਪ੍ਰਾਪਤੀ ਵੱਲ ਦੌੜਦਾ ਹੈ।

(7)

ਜੋ ਪ੍ਰਾਣੀ ਸਪਰਸ਼, ਰਸਨਾ, ਪ੍ਰਾਣ, ਅੱਖ ਤੇ ਕੰਨ, ਇਨ੍ਹਾਂ ਪੰਜ ਇੰਦਰੀਆਂ ਦੇ ਵਿਸ਼ਿਆਂ ਵਿਚ ਮਗਨ ਰਹਿੰਦਾ ਹੈ, ਉਸ ਦਾ ਸੰਸਾਰ ਦਾ ਅੰਤ (ਜਨਮ ਮਰਨ) ਨਹੀਂ ਹੁੰਦਾ, ਅਜਿਹੇ ਮਨੁੱਖ ਸੰਸਾਰ ਵਿਚ ਹਰ ਪ੍ਰਕਾਰ ਦੇ ਕਸ਼ਟ ਭੋਗ ਕੇ ਮਨੁੱਖ ਜਨਮ ਨੂੰ ਪ੍ਰਾਪਤ ਕਰਕੇ ਵੀ ਧਰਮ ਅਰਾਧਨਾ ਨਹੀਂ ਕਰਦਾ, ਉਹ ਪ੍ਰਾਣੀ ਸੰਸਾਰ ਸਾਗਰ ਤੋਂ ਪਾਰ ਉਤਰਨ ਲਈ ਉੱਤਮ ਧਰਮ ਰੂਪੀ ਕਿਸ਼ਤੀ ਨੂੰ ਛੱਡ ਕੇ ਪੱਥਰ ਨੂੰ ਪ੍ਰਾਪਤ ਕਰਕੇ, ਉਸ ਰਾਹੀਂ ਹੀ ਪਾਰ ਹੋਣਾ ਚਾਹੁੰਦਾ ਹੈ। ਅਜਿਹੇ ਮਨੁੱਖ ਨੂੰ ਮੂਰਖਾਂ ਦਾ ਸ਼੍ਰੋਮਣੀ ਆਖਣਾ ਚਾਹੀਦਾ ਹੈ। (ਭਾਵ ਜਿਸ ਪ੍ਰਕਾਰ ਪੱਥਰ ਰਾਹੀਂ ਕੋਈ ਨਦੀ ਪਾਰ ਨਹੀਂ ਕਰ ਸਕਦਾ, ਸਗੋਂ ਡੁੱਬੇਗਾ, ਉਸੇ ਪ੍ਰਕਾਰ ਧਰਮ ਰੂਪੀ ਕਿਸ਼ਤੀ ਨੂੰ ਛੱਡਣ ਵਾਲਾ ਡੁੱਬਦਾ ਹੈ।

(8)

ਧਰਮ ਦਾ ਸੱਚਾ ਸਵਰੂਪ :

ਜੇ ਤੇਰੇ ਮਨ ਵਿਚ ਮੁਕਤੀ ਪ੍ਰਾਪਤੀ ਦੀ ਭਾਵਨਾ ਹੈ ਤਾਂ ਤੂੰ ਤੀਰਥੰਕਰ ਪ੍ਰਮਾਤਮਾ ਦੀ ਭਗਤੀ ਅਰਾਧਨਾ ਕਰ। ਗੁਰੂ (ਪੰਜ ਮਹਾਵਰਤ, ਪੰਜ ਸਮਿਤਿ, ਤਿੰਨ ਗੁਪਤੀ ਦੇ ਧਾਰਕ) ਦੀ ਭਗਤੀ ਕਰ। ਸ਼੍ਰੀ ਸੰਘ (ਸਾਧੂ, ਸਾਧਵੀ, ਉਪਾਸਕ, ਉਪਾਸਿਕਾ ਰੂਪੀ ਧਰਮ ਸੰਘ) ਨੂੰ ਦਾਨ ਕਰ। ਉਸੇ ਦੀ ਭਗਤੀ ਸੱਚੇ ਮਨ ਨਾਲ ਕਰ। ਹਿੰਸਾ, ਝੂਠ, ਚੋਰੀ, ਕੁਸ਼ੀਲ, ਪਰਿਗ੍ਰਹਿ, ਇਹਨਾਂ ਪੰਜ ਪਾਪਾਂ ਦਾ ਤਿਆਗ ਕਰ। ਕਰੋਧ ਆਦਿ ਕਸ਼ਾਇ ਦੁਸ਼ਮਣ ਨੂੰ ਜਿੱਤ। ਗੁਣੀਜਨਾਂ ਦੀ ਸੰਗਤ ਕਰ। ਪੰਜ ਇੰਦਰੀਆਂ ਦੇ ਵਿਸ਼ੇ (ਵਰਨ, ਗੰਧ, ਰਸ, ਸਪਰਸ਼, ਰੂਪ) ਤੇ ਕਾਬੂ ਕਰ। ਸੱਮਿਅਕ (ਸੱਚਾ ਧਰਮ) ਭਾਵਨਾ ਕਰ ਅਤੇ ਸੰਸਾਰ ਤੇ ਸਰੀਰ ਭੋਗਾਂ ਤੋਂ ਪ੍ਰਤੀ ਵਿਰਕਤੀ ਭਾਵ ਰੱਖ। ਇਹ ਸਭ ਗੱਲਾਂ ਮਿਲ ਕੇ ਮੁਕਤੀ ਪਦ ਦਿੰਦੀਆਂ ਹਨ।

(9)

ਅਰਿਹੰਤ ਪਰਮੇਸ਼ਟੀ (ਨਵਕਾਰ ਮੰਤਰ) ਦੀ ਜੋ ਭਾਵ ਪੂਰਵਕ ਭਗਤੀ ਕਰਕੇ, ਉਨ੍ਹਾਂ ਦੇ ਗੁਣਾਂ ਨੂੰ ਹਿਰਦੇ ਵਿਚ ਉਤਾਰਦਾ ਹੈ, ਉਸ

ਭਗਤੀ ਸਦਕਾ ਪਿਛਲੇ ਜਨਮਾਂ ਦੇ ਇਕੱਠੇ ਪਾਪਾਂ ਨੂੰ ਨਸ਼ਟ ਕਰਦਾ ਹੈ। ਸਦਗਤਿ ਨੂੰ ਪ੍ਰਾਪਤ ਹੁੰਦਾ ਹੈ। ਧਨ, ਅਨਾਜ, ਰਾਜ ਆਦਿ ਸੁੱਖਾਂ ਵਿਚ ਵਾਧਾ ਕਰਦਾ ਹੈ। ਅਰੋਗਤਾ ਵਿਚ ਵਾਧਾ ਕਰਦਾ ਹੈ। ਸਭ ਲੋਕਾਂ ਵਿਚ ਸ਼ੋਭਾ ਪਾਉਂਦਾ ਹੈ। ਇਸ ਭਗਤੀ ਰਾਹੀਂ ਜੱਸ ਵਿਚ ਵਾਧਾ ਹੁੰਦਾ ਹੈ। ਮੌਤ ਤੋਂ ਬਾਅਦ ਦੇਵ ਪਦ ਪ੍ਰਾਪਤ ਹੁੰਦਾ ਹੈ। ਇਸ ਤੋਂ ਵੀ ਜ਼ਿਆਦਾ ਜਨਮ ਮਰਨ ਤੋਂ ਉਪਰ ਮੁਕਤ ਅਵਸਥਾ ਵੀ ਮਨੁੱਖੀ ਜਨਮ ਵਿਚ ਪ੍ਰਾਪਤ ਹੋ ਸਕਦੀ ਹੈ। ਭਾਵ ਨਿਰਵਾਨ ਸੁੱਖ ਨੂੰ ਜਨਮ ਦੇਣ ਵਿਚ ਮਾਤਾ ਦੀ ਤਰ੍ਹਾਂ ਇਹ ਨਵਕਾਰ ਭਗਤੀ (ਅਰਿਹੰਤ, ਸਿੱਧ, ਆਚਾਰਿਆ, ਉਪਾਧਿਆ, ਸਾਧੂ ਦੀ ਭਗਤੀ) ਹੈ।

(10)

ਜੋ ਛੇਤੀ ਤਰਨ ਵਾਲਾ ਜੀਵ, ਜਿਨੇਂਦਰ ਪ੍ਰਮਾਤਮਾ ਦੀ ਭਾਵ ਨਾਲ ਪੂਜਾ ਭਗਤੀ ਕਰਦਾ ਹੈ, ਉਸ ਲਈ ਸਵਰਗ ਇਸ ਤਰ੍ਹਾਂ ਨੇੜੇ ਹੈ ਜਿਵੇਂ ਘਰ ਦਾ ਵਿਹੜਾ, ਜਾਂ ਚੱਕਰਵਰਤੀ ਦੀ ਸੰਪਤੀ ਜਾਂ ਨਾਲ ਰਹਿਣ ਵਾਲਾ ਜੀਵ ਵਿਚ ਸੁਭਾਗ, ਹੌਂਸਲਾ, ਵਿਸ਼ਾਲਤਾ, ਸੱਜਣਤਾ, ਖ਼ਿਮਾ ਆਦਿ ਗੁਣ ਸੁਭਾਅ ਤੋਂ ਉਨ੍ਹਾਂ ਦੇ ਸਰੀਰ ਰੂਪੀ ਘਰ ਵਿਚ ਰਹਿਣ ਲੱਗ ਜਾਂਦੇ ਹਨ। ਸੰਸਾਰ ਸਬੰਧੀ ਦੁੱਖਾਂ ਤੋਂ ਛੁਟਕਾਰਾ ਸੁੱਖ ਪੂਰਵਕ ਪਾ ਸਕਦਾ ਹੈ। ਉਹ ਮੁਕਤੀ ਨੂੰ ਹੱਥ ਦੀ ਹਥੇਲੀ ਤੇ ਵੇਖਦਾ ਹੈ। ਇਸ ਲਈ ਹੇ ਜੀਵੋ ! ਅਜਿਹੇ ਗੁਣਾਂ ਨੂੰ ਜਾਣ ਕੇ ਤੀਰਥੰਕਰ ਪ੍ਰਮਾਤਮਾ ਦੀ ਭਾਵ ਸਹਿਤ ਪੂਜਾ ਭਗਤੀ ਕਰੋ।

(11)

ਜੋ ਜਿਨੇਂਦਰ ਪ੍ਰਭੂ ਦੀ ਪੂਜਾ ਭਗਤੀ ਅੰਦਰਲੇ ਭਾਵ ਨਾਲ ਕਰਦਾ ਹੈ, ਕਰਵਾਉਂਦਾ ਹੈ, ਉਸ ਜੀਵ ਨੂੰ ਕਿਸੇ ਵੀ ਸਮੇਂ ਕੋਈ ਰੋਗ, ਸੋਗ ਅਤੇ ਡਰ ਨਹੀਂ ਸਤਾਉਂਦਾ। ਡਰ ਸਾਹਮਣੇ ਨਹੀਂ ਆਉਂਦਾ, ਜਿਵੇਂ ਗੁੱਸੇ ਹੋਇਆ ਮਨੁੱਖ ਨਾਰਾਜ਼ਗੀ ਦਾ ਸ਼ਿਕਾਰ ਹੋਏ ਮਨੁੱਖ ਵੱਲ ਨਹੀਂ ਵੇਖਦਾ, ਦਰਿਦਰਤਾ, ਉਸ ਪ੍ਰਭੂ ਭਗਤ ਤੋਂ ਘਬਰਾਏ ਹੋਏ ਮਨੁੱਖ ਦੀ ਤਰ੍ਹਾਂ ਦੂਰ ਚਲੀ ਜਾਂਦੀ ਹੈ। ਭੈੜੀ ਜੂਨ ਸਾਥ ਇਸ ਪ੍ਰਕਾਰ ਛੱਡ ਦਿੰਦੀ

ਹੈ, ਜਿਵੇਂ ਦੁਰਾਚਾਰੀ ਪਤੀ ਨੂੰ ਵੇਖ ਕੇ ਉਸ ਦੀ ਪਤਨੀ ਪਤੀ ਦਾ ਤਿਆਗ ਕਰ ਦਿੰਦੀ ਹੈ। ਯਸ਼, ਸੰਪਤੀ, ਉਸ ਪੁਰਸ਼ ਕੋਲ ਮਿੱਤਰ ਦੀ ਤਰ੍ਹਾਂ ਰਹਿੰਦੇ ਹਨ (ਜੋ ਪ੍ਰਭੂ ਭਗਤੀ ਵਿਚ ਲੀਨ ਹੈ)।

(12)

ਜੋ ਮਨੁੱਖ ਉਸ ਪ੍ਰਭੂ ਦੀ ਪੂਜਾ ਫੁੱਲਾਂ ਨਾਲ ਕਰਦਾ ਹੈ, ਉਨ੍ਹਾਂ ਦੀ ਪੂਜਾ ਸਵਰਗ ਦੀਆਂ ਦੇਵੀਆਂ ਅੱਖਾਂ ਰਾਹੀਂ ਕਰਦੀਆਂ ਹਨ। ਜੋ ਪ੍ਰਭੂ ਨੂੰ ਸੱਚੇ ਭਾਵ ਨਾਲ ਬੰਦਨਾ ਕਰਦਾ ਹੈ, ਉਸ ਜੀਵ ਨੂੰ ਤਿੰਨ ਲੋਕ ਦੇ ਜੀਵ ਦਿਨ ਰਾਤ ਬੰਦਲਾ ਕਰਦੇ ਹਨ, ਜੋ ਉਸ ਭਗਵਾਨ ਜਿਨੇਂਦਰ ਦੀ ਸਤੁਤੀ (ਗੁਣਗਾਨ) ਕਰਦਾ ਹੈ, ਦੇਵਤਾ ਉਸ ਜੀਵ ਦਾ ਗੁਣਗਾਨ ਕਰਦੇ ਹਨ। ਜੋ ਪੁਰਸ਼ ਜਿਨੇਂਦਰ ਪ੍ਰਭੂ ਦਾ ਹਿਰਦੇ ਵਿਚ ਧਿਆਨ ਕਰਦਾ ਹੈ, ਉਸ ਪੁਰਸ਼ ਦਾ ਯੋਗੀ, ਮਹਾਂਪੁਰਸ਼ ਧਿਆਨ ਕਰਦੇ ਹਨ। ਅਜਿਹਾ ਉਪਾਸਕ ਆਪਣੇ ਇਕੱਠੇ ਕੀਤੇ ਕਰਮਾਂ ਦਾ ਛੇਤੀ ਖ਼ਾਤਮਾ ਕਰਕੇ ਮੋਕਸ਼ ਨੂੰ ਪ੍ਰਾਪਤ ਕਰਦਾ ਹੈ। (ਸ਼ਵੇਤਾਂਬਰ ਜੈਨ ਸਥਾਨਕ ਵਾਸੀ ਅਤੇ ਤੇਰਾਂਪੰਥੀ ਮੂਰਤੀ ਪੂਜਾ ਵਿਚ ਵਿਸ਼ਵਾਸ ਨਹੀਂ ਰੱਖਦੇ)।

(13)

<u>ਗੁਰੂ ਦਾ ਮਹੱਤਵ</u> :

ਜੋ ਗੁਰੂ (ਹਿੰਸਾ, ਝੂਠ, ਚੋਰੀ, ਵਿਭਚਾਰ, ਪਰਿਗ੍ਰਹਿ ਆਦਿ) ਪਾਪਾਂ ਤੋਂ ਰਹਿਤ ਹੋ ਕੇ ਮੁਕਤੀ ਮਾਰਗ ਤੇ ਚੱਲਦੇ ਹਨ, ਉਹ ਗੁਰੂ ਦੀ ਸੇਵਾ ਅਤੇ ਆਦਰ ਦੇ ਪਾਤਰ ਹਨ। ਜੋ ਲਗਾਤਾਰ ਆਤਮ ਹਿੱਤ ਦੇ ਚਾਹਵਾਨ ਹਨ, ਜੋ ਹੋਰ ਲੋਕਾਂ ਨੂੰ ਆਤਮਹਿਤ ਦੇ ਰਾਹ ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ, ਸੰਸਾਰਿਕ ਸਰੀਰ ਦੇ ਭੋਗ ਸਬੰਧੀ ਇੱਛਾਵਾਂ ਤੋਂ ਰਹਿਤ ਹਨ। ਅਜਿਹੇ ਗੁਰੂ ਖੁਦ ਵੀ ਸੰਸਾਰ ਸਮੁੰਦਰ ਨੂੰ ਪਾਰ ਹੁੰਦੇ ਹਨ ਅਤੇ ਹੋਰ ਜੀਵਾਂ ਨੂੰ ਵੀ ਪਾਰ ਕਰਾਉਣ ਵਿਚ ਸਮਰੱਥ ਹੁੰਦੇ ਹਨ।

(14)

ਜੋ ਗੁਰੂ ਅਗਿਆਨ ਨੂੰ ਨਸ਼ਟ ਕਰਦੇ ਹਨ, ਧਰਮ ਦੇ ਅਰਥ ਨੂੰ ਅਸਲੀਅਤ ਵਿਚ ਪ੍ਰਗਟ ਕਰਦੇ ਹਨ, ਸ਼ੁਭ, ਅਸ਼ੁਭ ਗਤਿ (ਜੂਨਾਂ),

ਪੁੰਨ, ਪਾਪ, ਕਰਨਯੋਗ, ਨਾ-ਕਰਨਯੋਗ ਕੰਮਾਂ ਬਾਰੇ ਦੱਸਦੇ ਹਨ, ਕਰਨਯੋਗ ਅਤੇ ਨਾ-ਕਰਨਯੋਗ ਦਾ ਭੇਦ ਦੱਸਦੇ ਹਨ, ਅਜਿਹੇ ਗੁਰੂ ਸੰਸਾਰ ਰੂਪੀ ਸਮੁੰਦਰ ਪਾਰ ਕਰਨ ਵਿਚ ਨੌਕਾ ਦੀ ਤਰ੍ਹਾਂ ਹਨ। ਉਨ੍ਹਾਂ ਗੁਰੂਆਂ ਰੂਪੀ ਨੌਕਾ ਤੋਂ ਬਿਨਾਂ ਇਹ ਜੀਵਨ ਰੂਪੀ ਸਾਗਰ ਨੂੰ ਕੋਈ ਪਾਰ ਨਹੀਂ ਕਰ ਸਕਦਾ। (ਅਜਿਹਾ ਜਾਣ ਕੇ ਸੱਚੇ ਨਿਰਗਰੰਥ ਮੁਨੀਆਂ ਦੀ ਸੇਵਾ, ਪੂਜਾ, ਭਗਤੀ ਕਰਨੀ ਚਾਹੀਦੀ ਹੈ, ਜਿਸ ਰਾਹੀਂ ਜੀਵਨ ਰੂਪੀ ਕਿਸ਼ਤੀ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕੀਤਾ ਜਾ ਸਕੇ)।

(15)

ਨਰਕਾਂ ਦੀਆਂ ਖੁੱਡਾਂ ਵਿਚ ਪਏ ਸੰਸਾਰ ਰੂਪੀ ਸਮੁੰਦਰ ਵਿਚ ਡੁੱਬੇ ਪਾਣੀਆਂ ਲਈ ਗੁਰੂ ਤੋਂ ਛੁੱਟ ਹੋਰ ਕੋਈ ਰੱਖਿਆ ਕਰਨ ਵਿਚ ਸਮਰੱਥ ਨਹੀਂ ਹੈ। ਜ਼ਿਆਦਾ ਕੀ ਆਖੀਏ, ਜਿਸ ਜੀਵ ਦੀ ਰੱਖਿਆ ਕਰਨ ਵਿਚ ਪਿਤਾ, ਮਾਤਾ, ਭਰਾ, ਪ੍ਰੇਮੀ, ਪਤਨੀ, ਮਿੱਤਰ, ਪੋਤਾ, ਜਿਗਰੀ ਮਿੱਤਰ, ਹਾਥੀ, ਬਹਾਦਰ ਯੋਧੇ, ਰਥ, ਘੋੜੇ, ਸੇਵਕ ਆਦਿ ਅਸਮਰੱਥ ਹਨ, ਅਜਿਹੇ ਮਾਮਲੇ ਵਿਚ ਧਰਮ ਨੂੰ ਅਧਰਮ ਤੋਂ ਅਲੱਗ ਕਰਕੇ ਦੱਸਣ ਵਾਲੇ ਗੁਰੂ ਸਮਰੱਥ ਹਨ।

(16)

ਹੇ ਤਰਨਹਾਰ ਜੀਵੋ ! ਗੁਰੂ ਦੀ ਆਗਿਆ ਬਿਨਾਂ ਕੀਤਾ ਧਿਆਨ, ਵਿਸ਼ੇ ਤਿਆਗ, ਤਪ, ਇੰਦਰੀਆਂ ਤੇ ਕਾਬੂ ਪਾਉਣਾ, ਵੀਤਰਾਗ ਰਾਹੀਂ ਫੁਰਮਾਏ ਆਗਮਾਂ ਦਾ ਸੰਪੂਰਨ ਅਧਿਐਨ ਦਾ ਕੋਈ ਲਾਭ ਨਹੀਂ। ਇਹ ਸਭ ਗੁਰੂ ਦੀ ਆਗਿਆ ਬਿਨਾਂ ਬੇਕਾਰ ਹੈ।

ਇਸ ਬਹੁਤ ਗੂੜ੍ਹੇ ਆਦਰ ਨਾਲ ਇੱਕ ਗੁਰੂ ਦੀ ਆਗਿਆ ਦਾ ਪਾਲਣ ਕਰੋ, ਇਸ ਨਾਲ ਸੰਸਾਰ ਦਾ ਚੱਕਰ ਖ਼ਤਮ ਹੋ ਜਾਂਦਾ ਹੈ। ਇੱਕ ਗੁਰੂ ਦੇ ਹੁਕਮ ਬਿਨਾਂ ਕੀਤਾ ਸਾਰਾ ਧਰਮ ਨਿਰਾਰਥਕ ਹੈ। ਜਿਸ ਤਰ੍ਹਾਂ ਸੈਨਾਪਤੀ ਦੀ ਗੈਰ-ਹਾਜ਼ਰੀ ਵਿਚ ਫੋਜ ਜਿੱਤ ਹਾਸਲ ਨਹੀਂ ਕਰ

ਸਕਦੀ, ਇਸੇ ਤਰ੍ਹਾਂ ਗੁਰੂ ਦੀ ਆਗਿਆ ਬਿਨਾਂ ਕੀਤੇ ਧਾਰਮਿਕ ਵਿਧੀ ਵਿਧਾਨ ਫਜ਼ੂਲ ਹੋ ਜਾਂਦੇ ਹਨ। ਇਸ ਲਈ ਜੋ ਕੰਮ ਗੁਰੂ ਦੇ ਹੁਕਮ ਨਾਲ ਕੀਤਾ ਜਾਂਦਾ ਹੈ, ਉਸ ਕੰਮ ਨੂੰ ਕਰਨ ਵਿਚ ਲਾਭ ਮਿਲਦਾ ਹੈ।

(17)

ਜਿਨੇਂਦਰ ਪ੍ਰਭੂ ਦੇ ਵਚਨਾਂ ਨੂੰ ਨਾ ਜਾਣ ਕੇ ਸੰਸਾਰੀ ਜੀਵ ਭਰਮ ਵਿਚ ਪਏ ਹਨ। ਉਹ ਦੇਵ-ਕੁਦੇਵ, ਸਤਿਗੁਰੂ-ਕੁਗੁਰੂ, ਧਰਮ-ਅਧਰਮ ਨਹੀਂ ਜਾਣਦੇ। ਅਜਿਹੇ ਲੋਕ ਗੁਣਵਾਨਾਂ ਅਤੇ ਔਗੁਣ ਵਾਲਿਆਂ ਨੂੰ ਇੱਕੋ ਤਰ੍ਹਾਂ ਵੇਖਦੇ ਹਨ। ਜੋ ਕਰਨਯੋਗ, ਨਾ-ਕਰਨਯੋਗ ਵਿਚ ਭੇਦ ਨਹੀਂ ਜਾਣਦੇ, ਉਹ ਕਰਨਯੋਗ ਨੂੰ ਨਾ-ਕਰਨਯੋਗ ਅਤੇ ਨਾ-ਕਰਨਯੋਗ ਨੂੰ ਕਰਨਯੋਗ ਸਮਝਦੇ ਹਨ। ਜੋ ਕਲਿਆਣਕਾਰੀ ਅਤੇ ਅਕਲਿਆਣਕਾਰੀ ਨੂੰ ਨਹੀਂ ਜਾਣਦੇ ਹੋਏ ਕਲਿਆਣਕਾਰੀ ਨੂੰ ਅਕਲਿਆਣਕਾਰੀ ਮੰਨਦੇ ਹਨ, ਅਕਲਿਆਣਕਾਰੀ ਨੂੰ ਕਲਿਆਣਕਾਰੀ ਮੰਨਦੇ ਹਨ।

ਜੋ ਹਿੱਤ ਅਤੇ ਅਹਿੱਤ ਵਿਚ ਭੇਦ ਕਰਨ ਵਿਚ ਅਸਮਰਥ ਹਨ, ਉਹ ਗਲਤ (ਮਿੱਥਿਆ) ਦ੍ਰਿਸ਼ਟੀ ਅੰਗੀਕਾਰ ਕਰਦੇ ਹਨ।

(18)

ਜਿਨ ਬਚਨ ਤੇ ਸ਼ਰਧਾ ਦਾ ਮਹੱਤਵ :

ਜਿਨ੍ਹਾਂ ਜੀਵਾਂ ਨੇ ਸਰਵੱਗ ਪ੍ਰਮਾਤਮਾ ਰਾਹੀਂ ਕੇ ਜਿਨ ਵਚਨ ਨੂੰ ਕਦੇ ਕੰਨਾਂ ਰਾਹੀਂ ਸੁਣਿਆ ਨਹੀਂ, ਉਸ ਦਾ ਮਨੁੱਖੀ ਜਨਮ ਨਿਸ਼ਫਲ ਹੈ। ਜੋ ਦਿਆ ਰਸ ਨਾਲ ਭਰਪੂਰ ਨਹੀਂ ਹਨ, ਉਹਨਾਂ ਮਹਾਂਪੁਰਖਾਂ ਦੇ ਹਿਰਦੇ ਤੇ ਦੋਹਾਂ ਕੰਨਾਂ ਨੂੰ ਵਿਦਵਾਨ ਬੇਕਾਰ ਆਖਦੇ ਹਨ। ਅਜਿਹੇ ਪ੍ਰਾਣੀ ਨੂੰ ਗੁਣ ਅਤੇ ਅਵਗੁਣ ਦੇ ਦੋਸ਼ਾਂ ਦਾ ਵਿਚਾਰ ਤੇ ਧਾਰਨ ਕਰਨਾ ਮੁਸ਼ਕਿਲ ਹੈ। ਨਰਕ ਰੂਪੀ ਹਨੇਰੇ ਖੂਹ ਵਿਚ ਡਿੱਗਣ ਤੋਂ ਅਜਿਹੇ ਜੀਵ ਨੂੰ ਕੌਣ ਬਚਾ ਸਕਦਾ ਹੈ ? ਭਾਵ ਕੋਈ ਨਹੀਂ, ਅਜਿਹੇ ਜੀਵ ਨੂੰ ਮੋਕਸ਼ ਪ੍ਰਾਪਤ ਕਰਨਾ ਕਠਿਨ ਹੈ।

(19)

ਜੋ ਬੁਰੀ ਬੁੱਧੀ ਵਾਲੇ ਮਾਨਵ ਜਿਨ (ਜੈਨ) ਧਰਮ ਨੂੰ ਹੋਰ ਦਰਸ਼ਨ (ਮਤਾਂ) ਦੇ ਬਰਾਬਰ ਮੰਨਦੇ ਹਨ, ਉਹ ਮੂਰਖ ਹਨ ਅਜਿਹੇ ਮਨੁੱਖ ਅੰਮ੍ਰਿਤ ਨੂੰ ਜ਼ਹਿਰ ਦੀ ਤਰ੍ਹਾਂ, ਠੰਡੇ ਪਾਣੀ ਨੂੰ ਅੱਗ ਦੀ ਤਰ੍ਹਾਂ, ਪ੍ਰਕਾਸ਼ ਨੂੰ ਹਨ੍ਹੇਰੇ ਦੀ ਤਰ੍ਹਾਂ, ਮਿੱਤਰ ਨੂੰ ਦੁਸ਼ਮਣ ਦੀ ਤਰ੍ਹਾਂ, ਕੁੱਲ ਨੂੰ ਸੱਖ ਦੀ ਤਰ੍ਹਾਂ, ਚਿੰਤਾ ਮਣੀ ਰਤਨ ਨੂੰ ਲੋਹੇ ਦੀ ਤਰ੍ਹਾਂ, ਚਾਂਦਨੀ ਨੂੰ ਗਰਮੀ ਦੀ ਤਰ੍ਹਾਂ ਅਤੇ ਦਿਆ ਨੂੰ ਵੇਚਣ ਯੋਗ ਵਸਤੂ ਸਮਝਦਾ ਹੈ (ਭਾਵ ਜਿਨ ਦਰਸ਼ਨ ਦੀ ਤੁਲਨਾ ਦੂਸਰੇ ਦਰਸ਼ਨਾਂ ਨਾਲ ਕਰਨਾ ਗਲਤ ਹੈ)।

(20)

ਬੁੱਧੀਮਾਨ ਪੁਰਸ਼ ਜੋ ਜੈਨ ਧਰਮ ਦੀ ਪੂਜਾ ਕਰਦੇ ਹਨ, ਭਾਵ ਤੀਰਥੰਕਰ ਬਚਨ ਨੂੰ ਸਵੀਕਾਰ ਕਰਦੇ ਹਨ, ਵਿਸਥਾਰ ਪ੍ਰਸਾਰ ਕਰਦੇ ਹਨ, ਧਿਆਨ ਕਰਦੇ ਹਨ, ਪੜ੍ਹਦੇ-ਪੜ੍ਹਾਉਂਦੇ ਹਨ, ਉਹ ਪਹਿਲਾਂ ਆਖੇ ਗਏ ਧਰਮ ਨੂੰ ਜਾਗ੍ਰਿਤ ਕਰਦੇ ਹਨ। ਪਾਪ ਨੂੰ ਨਸ਼ਟ ਕਰਦੇ ਹਨ। ਬੁਰੇ ਰਾਹ ਪਾਪਾਂ ਨੂੰ ਦੂਰ ਕਰਦੇ ਹਨ, ਗੁਣਵਾਨ ਪ੍ਰਤੀ ਗੁੱਸੇ ਦੀ ਭਾਵਨਾ ਨੂੰ ਨਸ਼ਟ ਕਰਦੇ ਹਨ। ਆਪ ਵਿਰੁੱਧੀ ਉਤਪੰਨ ਹੋਣ ਵਾਲੇ ਅਣਗਹਿਲੀ ਭਾਵ ਰੂਪੀ ਰੰਜ ਨਸ਼ਟ ਕਰਦੇ ਹਨ, ਖੋਟੀ ਬੁੱਧੀ ਨੂੰ ਦੂਰ ਕਰਕੇ ਵੈਰਾਗ ਵਿਚ ਵਾਧਾ ਕਰਦੇ ਹਨ। ਦਿਆ ਆਦਿ ਧਰਮ ਨੂੰ ਫੈਲਾਉਂਦੇ ਹਨ। ਲਾਲਸਾ ਨੂੰ ਦੂਰ ਕਰਦੇ ਹਨ। ਜੋ ਜੈਨ ਧਰਮ ਅਤੇ ਜੈਨ ਪ੍ਰਵਚਨ ਨੂੰ ਸ਼ਰਧਾ ਪੂਰਵਕ ਸੁਣ ਕੇ ਆਚਰਣ ਵਿਚ ਲੈ ਆਉਂਦੇ ਹਨ, ਉਹਨਾਂ ਜੀਵਾਂ ਵਿਚ ਉਪਰ ਵਰਨਣ ਕੀਤੇ ਗੁਣ ਪ੍ਰਗਟ ਹੁੰਦੇ ਹਨ। ਦੋਸ਼ ਨਸ਼ਟ ਹੁੰਦੇ ਹਨ। ਜੈਨ ਧਰਮ ਗੁਣ ਦੋਸ਼ਾਂ ਨੂੰ ਪ੍ਰਗਟ ਕਰਕੇ ਵਿਖਾਉਂਦਾ ਹੈ। ਇਹ ਗੱਲ ਹੋਰ ਧਰਮਾਂ ਵਿਚ ਨਹੀਂ।

(21)

ਸ਼੍ਰੀ ਸੰਘ ਦਾ ਮਹੱਤਵ :

ਹੇ ਤਾਰਨਹਾਰ ਜੀਵੋ ! ਇਹ ਸ਼੍ਰੀ ਸੰਘ (ਸਾਧੂ ਸਾਧਵੀ, ਸ਼੍ਰਾਵਕ ਤੇ ਸ਼੍ਰਾਵਕਾ) ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਾਰਿੱਤਰ, ਖ਼ਿਮਾ, ਦਿਆ, ਵਿਨੈ ਆਦਿ ਸਰਵ ਗੁਣਾਂ ਦਾ ਨਿਵਸ ਸਥਾਨ ਹੈ। ਇਸ ਕਾਰਨ ਇਹ ਸ਼੍ਰੀ ਸੰਘ ਪੂਜਣ ਯੋਗ ਹੈ। ਜਿਸ ਤਰ੍ਹਾਂ ਭੂਮੀ ਸਹਾਰੇ ਪਹਾੜ, ਪਹਾੜ ਮੁਹਾਰੇ ਰਤਨਾਂ ਦੀ ਖਾਣ, ਕਲਪ ਬ੍ਰਿਖ ਦਾ ਨਿਵਾਸ ਅਸਥਾਨ ਹੈ, ਸਵਰਗ ਕਮਲਾਂ ਦਾ ਠਿਕਾਣਾ ਚਲਾਉ ਪਾਣੀ ਦਾ ਨਿਵਾਸ ਸਥਾਨ ਸਮੁੰਦਰ, ਨਿਰਮਲਤਾ ਦਾ ਸਥਾਨ ਚੰਦਰਮਾ ਪ੍ਰਕਾਸ਼ ਦਾ ਸਥਾਨ ਚੰਦਰਮਾ ਹੈ, ਉਸੇ ਪ੍ਰਕਾਰ ਸਾਰੇ ਗੁਣਾਂ ਦਾ ਸਥਾਨ ਇਹ ਚਾਰ ਪ੍ਰਕਾਰ ਦਾ ਸ਼੍ਰੀ ਸੰਘ ਹੈ।

(22)

ਹੇ ਤਰਨਹਾਰ ਜੀਵੋ ! ਜੋ ਅਜਿਹੇ ਸ਼੍ਰੀ ਸੰਘ ਦੀ ਭਾਵ ਸਹਿਤ (ਅੰਦਰਲੇ ਮਨ ਨਾਲ) ਪੂਜਾ ਕਰਦੇ ਹਨ, ਉਹ ਜਨਮ-ਮਰਨ ਰੂਪ ਸੰਸਾਰ ਨੂੰ ਖ਼ਤਮ ਕਰਕੇ, ਮੋਕਸ਼ ਨੂੰ ਪ੍ਰਾਪਤ ਕਰਦੇ ਹਨ। ਜਿਸ ਸ਼੍ਰੀ ਸੰਘ ਨੂੰ ਪਵਿੱਤਰਤਾ ਕਾਰਨ ਤੀਰਥ ਦੀ ਤਰ੍ਹਾਂ ਆਖਿਆ ਗਿਆ ਹੈ, ਜਿਸ ਸ਼੍ਰੀ ਸੰਘ ਦੀ ਤਰ੍ਹਾਂ ਹੋਰ ਕੋਈ ਨਹੀਂ ਹੈ, ਜਿਸ ਨੂੰ ਤੀਰਥੰਕਰ (ਤੀਰਥ ਦੇ ਮਾਲਕ) ਵੀ ਨਮਸਕਾਰ ਕਰ ਦੇ ਹਨ, ਇਸ ਸ਼੍ਰੀ ਸੰਘ ਨਮਸਕਾਰ ਕਰਨ ਨਾਲ ਸੱਜਣ ਧਾਰਮਿਕ ਲੋਕਾਂ ਨੂੰ ਕਲਿਆਣ ਦੀ ਪ੍ਰਾਪਤੀ ਹੁੰਦੀ ਹੈ। ਜਿਸ ਸ਼੍ਰੀ ਸੰਘ ਵਿਚ ਧੀਰਜ, ਖ਼ਿਮਾ, ਸ਼ੀਲ, ਵਿਨੈ ਆਦਿ ਮੂਲ ਗੁਣ ਅਤੇ ਉੱਤਰ ਗੁਣਾਂ ਦਾ ਨਿਵਾਸ ਕਰਦੇ ਹਨ। ਹੇ ਤਰਨਹਾਰ ਜੀਵੋ ! ਹੁਣ ਆਪਣੇ ਮਨ ਵਿਚ ਵਿਵੇਕ ਧਾਰਨ ਕਰਕੇ ਗੁਰੂ ਦੀ ਭਗਤੀ ਕਰਕੇ ਮਨੁੱਖੀ ਜਨਮ ਸਾਰਥਕ ਕਰੋ।

(23)

ਜੋ ਮਨੁੱਖ ਕਲਿਆਣ ਦੀ ਰੁੱਚੀ ਰੱਖ ਕੇ ਉੱਤਮ ਮਾਰਗ ਦੀ ਪ੍ਰਾਪਤੀ ਲਈ ਸ਼੍ਰੀਸੰਘ ਦੀ ਸੇਵਾ ਕਰਦਾ ਹੈ, ਉਸ ਪੁਰਸ਼ ਨੂੰ ਲਕਸ਼ਮੀ ਖੁਦ ਹੀ ਪ੍ਰਾਪਤ ਹੋ ਜਾਂਦੀ ਹੈ, ਯਸ਼ ਵਿਚ ਵਾਧਾ ਹੋ ਜਾਂਦਾ ਹੈ, ਪਿਆਰ ਪ੍ਰਾਪਤ ਹੁੰਦਾ ਹੈ ਭਾਵ ਅਜਿਹਾ ਮਨੁੱਖ ਸਭ ਦਾ ਪਿਆਰਾ ਹੁੰਦਾ ਹੈ।

ਉਸ ਪਾਸ ਜਾਨਣ (ਗਿਆਨ) ਦੀ ਵਿਸ਼ੇਸ਼ ਬੁੱਧੀ ਹੁੰਦੀ ਹੈ। ਫਿਰ ਉਸ ਭਗਤ ਨੂੰ ਸਵਰਗ ਦੀ ਪ੍ਰਾਪਤੀ ਵਾਰ ਵਾਰ ਹੁੰਦੀ। ਮੁਕਤੀ ਉਸ ਪੁਰਸ਼ ਵੱਲ ਨਜ਼ਰ ਪਾ ਕੇ ਵੇਖਦੀ ਹੈ। ਸ਼੍ਰੀ ਸੰਘ ਦੀ ਕੀ ਵਿਸ਼ੇਸ਼ਤਾ ਹੈ ? ਗੁਣਾਂ ਦੇ ਸਮੂਹ ਦੇ ਖੰਡਣ ਦਾ ਸਥਾਨ ਬਣ ਜਾਂਦਾ ਹੈ। ਇਸ ਪ੍ਰਕਾਰ ਜਾਣ ਕੇ ਸ਼੍ਰੀ ਸੰਘ ਦੀ ਸੇਵਾ ਕਰਨੀ ਚਾਹੀਦੀ ਹੈ।

(24)

ਚਤੁਰ ਵਿਧੀ ਸ਼੍ਰੀ ਸੰਘ (ਸਾਧੂ, ਸਾਧਵੀ, ਉਪਾਸਕ, ਉਪਾਸਿਕਾ), ਚਰਨ ਕਮਲ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਕੇ ਮਨ ਮੰਦਰ ਨੂੰ ਪਵਿੱਤਰ ਕਰੋ। ਇਹ ਸ਼੍ਰੀ ਸੰਘ ਸਾਡੇ ਘਰ ਵਿਚ ਆਪਣੇ ਚਰਨ ਰੱਖ ਕੇ ਸਾਡੇ ਘਰ ਨੂੰ ਪਵਿੱਤਰ ਕਰੇ। ਜਿਸ ਸ਼੍ਰੀ ਸੰਘ ਦੀ ਭਗਤੀ ਨਾਲ ਅਰਿਹੰਤ ਪਦ ਦੀ ਪ੍ਰਾਪਤੀ ਹੁੰਦੀ ਹੈ, ਜੋ ਤਿੰਨ ਕਾਲ ਵਿਚ ਸਰੇਸ਼ਟ ਪਦ ਮੰਨਿਆ ਗਿਆ ਹੈ। ਇਸ ਪਦ ਤੋਂ ਵੱਡਾ ਸੰਸਾਰ ਵਿਚ ਕੋਈ ਪਦ ਨਹੀਂ ਹੈ। ਇਹ ਅੰਤਿਮ ਪਦ ਹੈ। ਅਰਿਹੰਤ ਪਦ ਦੀ ਤਰ੍ਹਾਂ ਨਾ ਤਾਂ ਛੇ ਖੰਡ ਨੂੰ ਜਿੱਤਣ ਵਾਲੇ ਚੱਕਰਵਰਤੀ ਦਾ ਪਦ ਹੈ, ਨਾ ਸਵਰਗ ਦੇ ਇੰਦਰ ਦਾ। ਜਿਸ ਤਰ੍ਹਾਂ ਕਿਸਾਨ ਖੇਤ ਜੋਤ ਕੇ ਪਾਣੀ ਲਗਾ ਕੇ (ਰੌਣੀ ਕਰਕੇ) ਬੀਜ ਬੀਜਦਾ ਹੈ, ਬੀਜ ਤੋਂ ਪੌਦੇ ਉੱਗਦੇ ਹਨ, ਫਿਰ ਅਨਾਜ ਪੈਦਾ ਹੁੰਦਾ ਹੈ। ਜਦੋਂ ਅਨਾਜ ਪੱਕ ਜਾਂਦਾ ਹੈ ਤਾਂ ਫਸਲ ਵਿਚੋਂ ਕਿਸਾਨ ਅਨਾਜ ਅਤੇ ਤੂੜੀ ਨੂੰ ਅਲੱਗ ਕਰ ਦਿੰਦਾ ਹੈ। ਅਨਾਜ ਦੇ ਨਾਲ ਪਲਾਲ (ਪਰਾਲੀ) ਆਪਣੇ ਆਪ ਆ ਜਾਂਦੀ ਹੈ। ਇਸ ਪ੍ਰਕਾਰ ਸ਼੍ਰੀ ਸੰਘ ਦੀ ਭਗਤੀ ਕਰਨ ਨਾਲ ਜਦੋਂ ਤੀਰਥੰਕਰ ਤੇ ਅਰਿਹੰਤ ਪਦ ਪ੍ਰਾਪਤ ਹੁੰਦਾ ਹੈ ਤਾਂ ਕੀ ਚੱਕਰਵਰਤੀ ਅਤੇ ਇੰਦਰ ਪਦ ਨਹੀਂ ਮਿਲਦੇ ? ਜ਼ਰੂਰ ਮਿਲਦੇ ਹਨ। ਜਿਸ ਸ਼੍ਰੀ ਸੰਘ ਦੇ ਗੁਣਗਾਣ ਵਿਚ ਦੇਵ ਗੁਰੂ ਬ੍ਰਹਸਪਤਿ ਕਰਨ ਵਿਚ ਅਸਮਰੱਥ ਹਨ, ਇਹ ਸ਼੍ਰੀ ਸੰਘ ਕਿਸ ਤਰ੍ਹਾਂ ਦਾ ਹੈ ? ਇਹ ਸ਼੍ਰੀ ਸੰਘ ਸਾਰੇ ਪਾਪ ਕਰਮਾਂ ਦਾ ਖ਼ਾਤਮਾ ਕਰਨ ਵਿਚ ਸਮਰੱਥ ਹੈ। ਅਜਿਹਾ ਜਾਣ ਕੇ ਸ਼੍ਰੀ ਸੰਘ ਦੀ ਭਗਤੀ ਕਰਨੀ ਚਾਹੀਦੀ ਹੈ।

(25)

<u>ਅਹਿੰਸਾ ਦਾ ਮਹੱਤਵ</u> :

ਦੂਸਰੇ ਸੰਪੂਰਨ ਦੁੱਖਾਂ ਨੂੰ ਛੁਡਾਉਣ ਦੇ ਲਈ ਜੀਵਾਂ ਤੇ ਹਮੇਸ਼ਾ ਰਹਿਮ (ਦਿਆ) ਕਰਨੀ ਚਾਹੀਦੀ ਹੈ। ਪੁੰਨ ਦੇ ਖੇਲ ਖੇਲ੍ਹਣ ਦਾ ਇਹੋ ਠਿਕਾਣਾ ਹੈ। ਪਾਪ ਰੂਪੀ ਕਰਮਾਂ ਦੀ ਧੂੜ ਨੂੰ ਨਾਸ਼ ਕਰਨ ਵਿਚ ਹਵਾ ਦੀ ਤਰ੍ਹਾਂ ਹੈ। ਸੰਸਾਰ ਰੂਪੀ ਸਮੁੰਦਰ ਨੂੰ ਪਾਰ ਹੋਣ ਵਿਚ ਕਿਸ਼ਤੀ ਦੀ ਤਰ੍ਹਾਂ, ਦੁੱਖ ਰੂਪੀ ਅੱਗ ਨੂੰ ਸ਼ਾਂਤ ਕਰਨ ਵਿਚ ਠੰਡੇ ਬੱਦਲਾਂ ਦੀ ਤਰ੍ਹਾਂ, ਲਕਸ਼ਮੀ ਨੂੰ ਬੁਲਾਉਣ ਵਿਚ ਦਾਸੀ ਦੀ ਤਰ੍ਹਾਂ (ਦਿਆ) ਹੈ। ਇਹੋ ਰਹਿਮ ਸਵਰਗ ਰੂਪੀ ਮਹਿਲ ਤੇ ਚੜ੍ਹਨ ਲਈ ਪੌੜੀ ਦੀ ਤਰ੍ਹਾਂ ਹੈ। ਇਹੋ ਰਹਿਮ ਦੁਰਗਤਿ ਵਿਚ ਜਾਣ ਵਾਲੇ ਜੀਵਾਂ ਲਈ ਤੋਪ ਦੀ ਤਰ੍ਹਾਂ ਰੱਖਿਆ ਕਰਨ ਵਾਲਾ ਹੈ। ਜੀਵਾਂ ਤੇ ਨਿਸ਼ਚੈ ਹੀ ਰਹਿਮ ਕਰਨਾ ਚਾਹੀਦਾ ਹੈ, ਕਿਉਂਕਿ ਇੱਕ ਰਹਿਮ ਕਰਨ ਨਾਲ ਹੀ ਸਮੁੱਚੇ ਦੁੱਖਾਂ ਦਾ ਖ਼ਾਤਮਾ ਹੁੰਦਾ ਹੈ। ਮੁਕਤੀ ਰੂਪੀ ਸਹੇਲੀ ਨਾਲ ਮੇਲ ਹੁੰਦਾ ਹੈ। ਦੁਰਗਤਿ ਨੂੰ ਜਾਣ ਵਾਲੇ ਦਰਵਾਜੇ ਕੀਲੇ ਜਾਂਦੇ ਹਨ। ਇਸ ਲਈ ਸਾਰੇ ਜੀਵਾਂ ਤੇ ਦਿਆ ਕਰੋ। ਦਿਆ ਧਰਮ ਦੀ ਜੜ੍ਹ ਹੈ। ਇਸ ਲਈ ਆਪਣੇ ਤੇ ਪਰਾਏ ਜੀਵਾਂ ਪ੍ਰਤੀ ਦਿਆ ਰੱਖੋ। ਦਿਆ ਤੋਂ ਬਿਨਾਂ ਕੋਈ ਜੀਵ ਸੁੱਖ ਅਤੇ ਸੰਪਤੀ ਪ੍ਰਾਪਤ ਨਹੀਂ ਕਰ ਸਕਦਾ।

(26)

ਹੇ ਜੀਵੋ ! ਲਗਾਤਾਰ ਪ੍ਰਾਣੀ ਮਾਤਰ 'ਤੇ ਦਿਆ (ਰਹਿਮ) ਕਰੋ। ਹਿੰਸਾ ਕਰਨ ਨਾਲ ਤਾਂ ਪਾਪ ਹੀ ਹੁੰਦਾ ਹੈ। ਜੇ ਪੱਥਰ ਪਾਣੀ ਤੇ ਤੈਰਨ ਲੱਗ ਜਾਣ ਤਾਂ ਕੋਈ ਅਚੰਭਾ ਨਹੀਂ, ਜੇ ਸੂਰਜ ਪੂਰਬ ਦਿਸ਼ਾ ਛੱਡ ਕੇ ਪੱਛਮ ਦਿਸ਼ਾਂ ਵੱਲ ਨਿਕਲ ਪਵੇ ਤਾਂ ਵੀ ਅਚੰਭਾ ਨਹੀਂ, ਜੇ ਜ਼ਮੀਨ ਆਪਣੀ ਥਾਂ ਤੋਂ ਹਿੱਲ ਕੇ ਪਾਤਾਲ ਵਿਚ ਚਲੀ ਜਾਵੇ ਜਾਂ ਉਪਰ ਆ ਜਾਵੇ ਤਾਂ ਵੀ ਹਿੰਸਾ ਰਾਹੀਂ ਪੁੰਨ ਉਤਪੰਨ ਨਹੀਂ ਕੀਤਾ ਜਾ ਸਕਦਾ।

ਹਿੰਸਾ ਦਾ ਤਿਆਗ ਕਰਕੇ ਸਭ ਪ੍ਰਾਣੀਆਂ ਪ੍ਰਤੀ ਦਿਆ ਭਾਵ ਰੱਖੋ। ਦਿਆ ਸੁਚੱਜੇ ਕੰਮਾਂ ਦੀ ਮਾਂ ਹੈ।

(27)

ਜੋ ਮਨੁੱਖ ਹਿੰਸਾ ਕਰਦਾ ਹੋਇਆ ਅਹਿੰਸਾ ਪੂਰਵਕ ਧਰਮ ਦੀ ਇੱਛਾ ਕਰਦਾ ਹੈ, ਉਹ ਮਹਾਂਪੁਰਖ ਹੈ। ਉਸ ਬਾਰੇ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਜਿਵੇਂ ਕੋਈ ਸੂਰਜ ਦੇ ਛੁਪਣ ਵੇਲੇ ਸਵੇਰ ਦੀ ਇੱਛਾ ਕਰੇ। ਕੋਈ ਮੂਰਖ ਹਿੰਸਾ ਵਿਚ ਫਸਿਆ ਹੋਇਆ ਧਰਮ ਦੀ ਇੱਛਾ ਕਰਦਾ ਹੈ, ਉਹ ਬਲਦੀ ਅੱਗ ਤੋਂ ਕਮਲ ਪ੍ਰਾਪਤ ਕਰਨ ਦੀ ਇੱਛਾ ਦੀ ਤਰ੍ਹਾਂ ਹੈ। ਜਿਵੇਂ ਕੋਈ ਪ੍ਰਾਣੀ ਸੱਪ ਦੇ ਮੁੱਖ ਤੋਂ ਅੰਮ੍ਰਿਤ ਦੀ ਇੱਛਾ ਕਰਦਾ ਹੈ, ਪਰ ਸੱਪ ਦੇ ਮੂੰਹੋਂ ਜ਼ਹਿਰ ਹੀ ਉਗਲੇਗਾ, ਅੰਮ੍ਰਿਤ ਨਹੀਂ। ਇਸ ਪ੍ਰਕਾਰ ਬੇਰਹਿਮੀ ਤੋਂ ਤਾਂ ਅਧਰਮ ਹੀ ਪ੍ਰਾਪਤ ਹੋਵੇਗਾ, ਦਿਆ (ਰਹਿਮ) ਨਹੀਂ। ਮਨੁੱਖ ਮੋਹ ਕਾਰਨ ਠੱਗਿਆ ਮਨੁੱਖ ਬਦ ਹਜ਼ਮੀ ਦਾ ਰੋਗੀ ਹੋ ਕੇ ਅਰੋਗ ਹੋਣ ਦੀ ਇੱਛਾ ਦੀ ਤਰ੍ਹਾਂ ਹੈ। ਕੋਈ ਅਗਿਆਨ ਰੂਪੀ ਹਨੇਰੇ ਵਿਚ ਖੜ੍ਹਾ ਹੋ ਕੇ ਆਪਸ ਵਿਚ ਝਗੜਾ ਕਰਦਾ ਹੈ, ਫਿਰ ਵੀ ਆਪਣੀ ਮਸ਼ਹੂਰੀ ਚਾਹੁੰਦਾ ਹੈ। ਭਾਵ ਦੋਸਤੀ ਚਾਹੁੰਦਾ ਹੈ। ਝਗੜਾ ਦੋਸਤੀ ਦਾ ਕਾਰਨ ਨਹੀਂ ਬਣ ਸਕਦਾ। ਜਿਸ ਪਕਾਰ ਕੋਈ ਮੂਰਖ ਮਨੁੱਖ ਜ਼ਿੰਦਗੀ ਦੀ ਆਸ ਲੈ ਕੇ ਤਾਲਪੁਟ ਜ਼ਹਿਰ ਖਾ ਲਵੇ, ਤਾਂ ਅਜਿਹਾ ਮਨੁੱਖ ਕਿਵੇਂ ਬਚੇਗਾ ? ਤਾਲਪੁਟ ਦੇ ਖਾਣ ਨਾਲ ਉਸ ਜੀਵ ਦਾ ਜੀਵਨ ਸ਼ਾਂਤ ਹੋ ਜਾਵੇਗਾ। ਇਸੇ ਪ੍ਰਕਾਰ ਹਿੰਸਾ ਤੋਂ ਅਧਰਮ ਹੀ ਹੋਵੇਗਾ, ਧਰਮ ਨਹੀਂ। (ਤਾਲਪੁਟ ਜ਼ਹਿਰ ਦਾ ਵਰਨਣ ਪੁਰਾਤਨ ਆਗਮ ਨਿਰਯਵਾਲਿਕਾ ਸੂਤਰ ਵਿਚ ਮਿਲਦਾ ਹੈ। ਜਿਸ ਜ਼ਹਿਰ ਨੂੰ ਰਾਜਾ ਜਾਂ ਸੂਰਮੇ ਆਪਣੀ ਅੰਗੂਠੀ ਵਿਚ ਰੱਖਦੇ ਸਨ। ਉਸ ਦੇ ਮੂੰਹ (ਤਾਲੂ) ਲੱਗਣ ਸਾਰ ਮੌਤ ਹੋ ਜਾਂਦੀ ਸੀ। ਇਸ ਕਾਰਨ ਇਸ ਨੂੰ ਤਾਲਪੁਟ ਜ਼ਹਿਰ ਆਖਦੇ ਹਨ।)

(28)

ਜਿਸ ਦੀ ਆਤਮਾ ਅੰਦਰ ਦਿਆ, ਧਰਮ ਨਾਲ ਗਿੱਲੀ ਹੋ ਗਈ ਹੈ, ਉਹ ਲੰਬੀ ਉਮਰ ਭੋਗਣ ਵਾਲਾ ਜਨਮ ਲੈਂਦਾ ਹੈ। ਛੋਟੀ ਉਮਰ ਵਾਲਾ ਨਹੀਂ। ਸਰੀਰ ਦੀ ਸੁੰਦਰ ਕਾਇਆ, ਨਿਰੋਗਤਾ ਅੰਗਹੀਣਤਾ ਰਹਿਤ ਸਰੀਰ ਨੂੰ ਪ੍ਰਾਪਤ ਹੁੰਦਾ ਹੈ। ਦਿਆ ਦੇ ਕਾਰਨ ਹੀ ਉਚ ਗੋਤ, ਚੰਗਾ ਨਾਮ, ਚੰਗਾ ਕੁਲ ਪ੍ਰਾਪਤ ਹੁੰਦਾ ਹੈ। ਦਿਆਵਾਨ ਦੇ ਘਰ ਲੱਛਮੀ ਆਪ ਨਿਵਾਸ ਕਰਦੀ ਹੈ। ਅਜਿਹਾ ਮਨੁੱਖ ਛੇ ਖੰਡ ਦਾ ਮਾਲਿਕ (ਚੱਕਰਵਰਤੀ) ਹੁੰਦਾ ਹੈ (ਜਿਸ ਦੀ ਸੇਵਾ ਵਿਚ 32000 ਮੁਕਟਬੰਧ ਰਾਜੇ ਰਹਿੰਦੇ ਹਨ)। ਅਜਿਹਾ ਮਨੁੱਖ ਤਿੰਨ ਲੋਕਾਂ ਦੇ ਸਭ ਜੀਵਾਂ ਦੀ ਪ੍ਰਸੰਸਾ ਦਾ ਪਾਤਰ ਬਣ ਜਾਂਦਾ ਹੈ। ਸੰਸਾਰ ਸਮੁੰਦਰ ਤੋਂ ਉਹ ਸੁੱਖ ਪੂਰਵਕ ਪਾਰ ਹੋ ਜਾਂਦਾ ਹੈ। ਜੀਵਾਂ ਦਾ ਕਲਿਆਣ ਕਰਨ ਵਾਲੀ ਖਾਲੀ ਦਿਆ ਹੈ, ਅਤੇ ਡੁਬੋਣ ਵਾਲੀ ਹਿੰਸਾ। ਅਜਿਹਾ ਸਮਝ ਕੇ ਮਨ ਵਿਚ ਵਿਵੇਕ ਲਿਆ ਕੇ, ਦਿਆ ਪੂਰਨ ਧਰਮ ਦਾ ਪਾਲਣ ਕਰੋ। ਦਿਆ ਤੋਂ ਪੁੰਨ ਦੀ ਪ੍ਰਾਪਤੀ ਹੁੰਦੀ ਹੈ। ਪੁੰਨ ਤੋਂ ਮਨ-ਭਾਉਂਦੀ ਵਸਤੂ ਪ੍ਰਾਪਤ ਹੁੰਦੀ ਹੈ। ਦਿਆ ਹੀ ਮੰਗਲਾਂ ਦੀ ਮਾਲਾ ਹੈ। ਅਮੰਗਲਾਂ ਦਾ ਛੇਤੀ ਖ਼ਾਤਮਾ ਕਰਦੀ ਹੈ।

(29)

<u>ਸੱਚ ਦਾ ਮਹੱਤਵ</u> :

ਹੇ ਤਰਨਹਾਰ ਜੀਵੋ ! ਜੋ ਸੱਚੇ ਪਿਆਰੇ ਵਚਨ ਬੋਲਦਾ ਹੈ, ਉਹ ਜਗਤ ਵਿਚ ਵਿਸ਼ਵਾਸ ਦਾ ਪਾਤਰ ਬਣ ਜਾਂਦਾ ਹੈ। ਸਭ ਲੋਕ ਉਸ ਤੇ ਵਿਸ਼ਵਾਸ ਕਰਦੇ ਹਨ। ਅਜਿਹਾ ਜੀਵ ਭਵਿੱਖ ਵਿਚ ਆਉਣ ਵਾਲੇ ਕਸ਼ਟਾਂ ਦਾ ਖ਼ਾਤਮਾ ਕਰਦਾ ਹੈ। ਸੱਚੇ ਤੇ ਮਿੱਠੇ ਬੋਲਾਂ ਵਾਲੇ ਦਾ ਗੁਣਗਾਣ ਤਾਂ ਦੇਵਤੇ ਵੀ ਕਰਦੇ ਹਨ। ਉਸ ਦੀ ਪੂਜਾ ਕਰਦੇ ਹਨ। ਮੁਕਤੀ ਮਾਰਗ ਤੇ ਚੱਲਣ ਵਾਲੇ ਜੀਵਾਂ ਲਈ ਸੱਚ ਕਲੇਵਾ (ਸਹਾਰਾ) ਦੀ ਤਰ੍ਹਾਂ ਹੈ। ਸ਼ੇਰ, ਚੀਤੇ, ਆਦਿ ਹਿੰਸਕ ਪਸ਼ੂਆਂ ਦਾ ਸਤੰਬਨ (ਰੋਕ) ਕਰ ਦਿੰਦਾ ਹੈ। ਅੱਗ ਨੂੰ ਬੁਝਾਉਣ ਵਿਚ ਪਾਣੀ ਦੀ ਤਰ੍ਹਾਂ ਹੈ। ਸੁੱਖ ਸੰਪਤੀ ਵਿਚ ਵਾਧਾ ਕਰਨ ਵਾਲਾ ਹੈ। ਚੰਗੀ ਕਿਸਮਤ ਅਤੇ ਰਤਨ ਤਰੇ

(ਸੱਮਿਅਕ ਗਿਆਨ, ਸੱਮਿਅਕ, ਦਰਸ਼ਨ, ਸੱਮਿਅਕ ਚਾਰਿੱਤਰ) ਦੀ ਪ੍ਰਾਪਤੀ ਸੱਚ ਰਾਹੀਂ ਹੁੰਦੀ ਹੈ। ਸੱਚ ਬੋਲਣ ਵਾਲੇ ਦੀ ਕੀਰਤੀ ਸੰਸਾਰ ਵਿਚ ਫੈਲ ਜਾਂਦੀ ਹੈ। ਉਸ ਦਾ ਪ੍ਰਭਾਵ ਤਿੰਨ ਲੋਕਾਂ ਵਿਚ ਫੈਲ ਜਾਂਦਾ ਹੈ। ਇਸ ਲਈ ਸੱਚੇ ਵਚਨ ਹੀ ਪਵਿੱਤਰ ਤੇ ਗ੍ਰਹਿਣ ਕਰਨ ਯੋਗ ਹਨ।

ਇਸ ਲਈ ਹੇ ਤਰਨਹਾਰ ਜੀਵੋ ! ਸੰਸਾਰ ਵਿਚ ਵਿਸ਼ਵਾਸ ਦਾ ਇੱਕ ਮਾਤਰ ਸਥਾਨ ਸੱਚਾਈ ਹੈ। ਜੋ ਝੂਠ ਬੋਲਦਾ ਹੈ, ਉਸ ਦੇ ਵਚਨ ਦੀ ਕੋਈ ਕੀਮਤ ਨਹੀਂ ਹੁੰਦੀ। ਸਗੋਂ ਲੋਕ ਆਖਦੇ ਹਨ ਇਹ ਵਿਅਕਤੀ ਬਕਵਾਸ ਕਰਦਾ ਰਹਿੰਦਾ ਹੈ। ਅਜਿਹੇ ਵਿਅਕਤੀ ਦਾ ਕੀ ਭਰੋਸਾ ? ਅਜਿਹਾ ਜਾਣ ਕੇ ਸੱਚ ਨੂੰ ਧਾਰਨ ਕਰੋ।

(30)

ਬੁੱਧੀਮਾਨ ਮਨੁੱਖ ਮੁਸ਼ਕਿਲ (ਬਿਪਤੀ) ਸਮੇਂ ਵੀ ਕਦੇ ਝੂਠੇ ਵਚਨ ਨਹੀਂ ਬੋਲਦੇ, ਕਿਉਂਕਿ ਝੂਠ ਬੋਲਣ ਨਾਲ ਮਨੁੱਖ ਦੇ ਕੰਮ, ਕੀਰਤੀ, ਉਪਕਾਰ, ਇਸੇ ਅਵਗੁਣ ਕਾਰਨ ਨਸ਼ਟ ਹੋ ਜਾਂਦੇ ਹਨ, ਜਿਵੇਂ ਜੰਗਲ ਵਿਚ ਅੱਗ ਲੱਗ ਜਾਣ ਤੇ ਹਰਿਆ ਭਰਿਆ ਖੇਤ ਵੀ ਜਲ ਜਾਂਦਾ ਹੈ, ਉਸੇ ਪ੍ਰਕਾਰ ਝੂਠ ਕਾਰਨ ਬਣਿਆ ਯੱਸ਼ ਅਤੇ ਹੋਰ ਗੁਣ ਨਸ਼ਟ ਹੋ ਜਾਂਦੇ ਹਨ। ਝੂਠ ਦੁੱਖਾਂ ਦੀ ਖਾਨ ਹੈ। ਜਿਵੇਂ ਧਰਤੀ ਤੇ ਖੜ੍ਹੇ ਦਰਖ਼ਤਾਂ ਦੇ ਵਾਧੇ ਦਾ ਕਾਰਨ ਪਾਣੀ ਹੁੰਦਾ ਹੈ, ਉਸੇ ਪ੍ਰਕਾਰ ਦੁੱਖਾਂ ਦਾ ਮੂਲ ਕਾਰਨ ਝੂਠ ਹੈ। ਜਿੱਥੇ ਝੂਠ ਬੋਲਿਆ ਜਾਂਦਾ ਹੈ, ਉਥੇ ਸੱਮਿਅਕਤਵ, ਸੰਜਮ, ਤਪ, ਚਾਰਿੱਤਰ (ਸਾਧੂ ਤੇ ਗ੍ਰਹਿਸਥ ਧਰਮ) ਦੀ ਕਥਾ ਬੇਅਰਥ ਮੰਨੀ ਜਾਂਦੀ ਹੈ। ਸੂਰਜ ਦੀ ਜਿੱਥੇ ਤੇਜ ਧੁੱਪ ਪੈਂਦੀ ਹੈ, ਉੱਥੇ ਦਰਖ਼ਤਾਂ ਦੀ ਠੰਡਕ ਕਿੱਥੇ ਮਿਲੇਗੀ ? ਇਸ ਲਈ ਝੂਠ ਬੋਲਣ ਦਾ ਤਿਆਗ ਠੀਕ ਰਾਹ ਹੈ।

(31)

ਵਿਦਵਾਨ (ਸਮਝਦਾਰ) ਝੂਠ ਦਾ ਤਿਆਗ ਕਰ ਦਿੰਦਾ ਹੈ। ਇਹ ਝੂਠ ਅਵਿਸ਼ਵਾਸ ਦਾ ਮੂਲ ਕਾਰਨ ਹੈ। ਪਾਪੀ ਬੁੱਧੀ ਦਾ ਘਰ ਹੈ।

ਇਸੇ ਝੂਠ ਕਾਰਨ ਲੱਛਮੀ, ਧਨ, ਸੰਪਤੀ ਵਿਚ ਰੁਕਾਵਟ ਪੈਂਦੀ ਹੈ। ਝੂਠ ਦੂਸਰੇ ਜੀਵਾਂ ਨੂੰ ਠੱਗਣ ਵਿਚ ਬਹਾਦਰ ਹੈ। ਪਹਿਲਾਂ ਕੀਤੇ ਪਾਪਾਂ ਨੂੰ ਛੁਪਾਉਣ ਦਾ ਕਾਰਨ ਹੋਣ ਕਰਕੇ ਦੁੱਖਾਂ ਦੀ ਖਾਨ ਹੈ। ਇਸ ਲਈ ਹੇ ਜੀਵੋ ! ਕਦੇ ਵੀ ਝੂਠ ਨਾ ਬੋਲੋ।

(32)

ਜੋ ਤਰਨਹਾਰ ਜੀਵ ਸੱਚ ਬੋਲਦਾ ਹੈ, ਉਸ ਲਈ ਅੱਗ ਵੀ ਪਾਣੀ ਦੀ ਤਰ੍ਹਾਂ ਠੰਡੀ ਹੋ ਜਾਂਦੀ ਹੈ। ਸਮੁੰਦਰ ਜ਼ਮੀਨ ਬਣ ਜਾਂਦਾ ਹੈ, ਵੈਰੀ ਮਿੱਤਰ ਬਣ ਜਾਂਦਾ ਹੈ, ਸੱਚ ਬੋਲਣ ਵਾਲੇ ਦੀ ਤਾਂ ਸਵਰਗ ਦੇ ਦੇਵਤੇ ਵੀ ਸੇਵਾ ਕਰਦੇ ਹਨ। ਉਸ ਲਈ ਭਿਆਨਕ ਜੰਗਲ ਨਗਰ ਬਣ ਜਾਂਦਾ ਹੈ, ਪਰਬਤ ਸੁੰਦਰ ਘਰ ਬਣ ਜਾਂਦਾ ਹੈ, ਸੱਪ ਵੀ ਫੁੱਲਾਂ ਦਾ ਹਾਰ ਬਣ ਜਾਂਦਾ ਹੈ, ਵਿਸ਼ਾਲ ਨਰਕ ਵੀ ਚੂਹੇ ਦੀ ਖੁੱਡ ਵਾਂਗ ਹੋ ਜਾਂਦਾ ਹੈ, ਵਿਗੜਿਆ ਹਾਥੀ ਗਿੱਦੜ ਦੀ ਤਰ੍ਹਾਂ ਜਾਪਦਾ ਹੈ, ਸੱਚ ਬੋਲਣ ਦੇ ਨਾਲ ਖ਼ਤਰਨਾਕ ਕੌੜਾ ਜ਼ਹਿਰ ਮਿੱਠਾ ਅੰਮ੍ਰਿਤ ਬਣ ਜਾਂਦਾ ਹੈ। ਉਸ ਦੇ ਸਾਰੇ ਸੰਕਟ ਵੀ ਸੁਭਾਵ ਤੋਂ ਹੀ ਨਸ਼ਟ ਹੋ ਜਾਂਦੇ ਹਨ। ਇਹ ਸਭ ਸੱਚ ਬੋਲਣ ਦਾ ਪ੍ਰਭਾਵ (ਫਲ) ਸਮਝਣਾ ਚਾਹੀਦਾ ਹੈ।

(33)

ਚੋਰੀ ਨਾ ਕਰਨ ਦਾ ਫਲ :

ਜੋ ਮਨੁੱਖ ਬਿਨਾਂ ਦਿੱਤੀ ਹੋਈ ਘੱਟ ਮੁੱਲ ਦੀ ਜਾਂ ਬਹੁਮੁੱਲ ਵਸਤੂ ਚੋਰੀ ਨਹੀਂ ਕਰਦਾ , ਉਸ ਨੂੰ ਮੁਕਤੀ ਰੂਪੀ ਲੱਛਮੀ ਮਿਲਣ ਦੀ ਇੱਛਾ ਕਰਦੀ ਹੈ। ਉਹ ਚੱਕਰਵਰਤੀ ਜਾਂ ਅਰਧ ਚੱਕਰਵਰਤੀ ਦੀ ਸੰਪਤੀ ਦਾ ਸਵਾਮੀ ਹੁੰਦਾ ਹੈ। ਉਸ ਦੀ ਪ੍ਰਸਿੱਧੀ ਬਿਨਾਂ ਦੱਸੇ ਹੀ ਆਪ ਲੋਕਾਂ ਵਿਚ ਫੈਲ ਜਾਂਦੀ ਹੈ। ਜਿਸ ਦੀ ਕੀਰਤੀ ਖੁਦ ਹੀ ਸਵਰਗ ਤੱਕ ਫੈਲੀ ਹੈ। ਉਸ ਲਈ ਸੰਸਾਰ ਵਿਚ ਪੈਦਾ ਹੋਣ ਵਾਲੇ ਦੁੱਖ, ਚੰਗਾ ਨਾ ਮਿਲਣਾ, ਮੰਦਾ ਮਿਲਣਾ ਆਦਿ ਦੁੱਖ ਪੈਦਾ ਨਹੀਂ ਹੁੰਦੇ। ਉਹ ਦੇਵਤਾ ਅਤੇ ਮਨੁੱਖ ਜਨਮ ਪ੍ਰਾਪਤ ਹੁੰਦਾ ਹੈ। ਅਜਿਹੇ ਸੱਚ ਬੋਲਣ ਵਾਲੇ ਨੂੰ

ਪਸ਼ੂ ਜਾਂ ਨਰਕ ਜੂਨ ਕਦੇ ਨਹੀਂ ਮਿਲਦੀ। ਉਸ ਤੇ ਕੋਈ ਵਿਪਤਾ ਨਹੀਂ ਆਉਂਦੀ।

(34)

ਜੋ ਪੁੰਨ ਵਾਲਾ ਜੀਵ ਹੈ, ਉਹ ਬਿਨਾਂ ਦਿੱਤੀ ਵਸਤੂ ਰੱਖ ਕੇ ਭੁੱਲ ਗਿਆ ਹੈ, ਅਜਿਹੀ ਘੱਟ ਜਾਂ ਜ਼ਿਆਦਾ ਕੀਮਤ ਵਾਲੀ ਵਸਤੂ ਨੂੰ ਮਾਲਿਕ ਦੇ ਹੁਕਮ ਤੋਂ ਬਿਨਾਂ ਜੋ ਗ੍ਰਹਿਣ ਨਾ ਖੁਦ ਕਰਦਾ ਹੈ ਨਾ ਕਿਸੇ ਨੂੰ ਪ੍ਰੇਰਣਾ ਦਿੰਦਾ ਹੈ ਜਾਂ ਅਜਿਹਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ। ਉਸ ਪੁਰਸ਼ ਕੋਲ ਕਲਿਆਣ ਦੀ ਮਾਲਾ ਰਹਿੰਦੀ ਹੈ। ਜਿਸ ਪ੍ਰਕਾਰ ਕਮਲ ਨੇੜੇ ਬੱਤਖ਼ ਨਿਵਾਸ ਕਰਦੀ ਹੈ, ਉਸ ਪ੍ਰਕਾਰ ਭਿੰਨ ਭਿੰਨ ਪ੍ਰਕਾਰ ਦੇ ਦੁੱਖ ਉਸ ਮਨੁੱਖ ਕੋਲ ਨਹੀਂ ਆਉਂਦੇ। ਜਿਸ ਤਰ੍ਹਾਂ ਸੂਰਜ ਦੇ ਨਿਕਲਣ ਤੇ ਰਾਤ ਦਾ ਹਨੇਰਾ ਭੱਜ ਜਾਂਦਾ ਹੈ, ਉਸ ਪ੍ਰਕਾਰ ਜਿਸ ਗਿਆਨੀ ਪੁਰਸ਼ ਨੇ ਚੋਰੀ ਦਾ ਨਾ ਕਰਨਾ, ਕਰਾਉਣਾ, ਹਿਮਾਇਤ ਕਰਨਾ ਦਾ ਤਿਆਗ, ਮਨ, ਵਚਨ ਤੇ ਕਾਇਆ ਤੋਂ ਕੀਤਾ ਹੈ, ਉਸ ਨੂੰ ਸਵਰਗ ਦੇ ਸੁੱਖ ਲਗਾਤਾਰ ਮਿਲਦੇ ਰਹਿੰਦੇ ਹਨ। ਅਜਿਹਾ ਪੁਰਸ਼ ਛੇਤੀ ਹੀ ਮੁਕਤੀ ਰੂਪੀ ਪਤਨੀ ਦਾ ਪਤੀ ਬਣ ਜਾਂਦਾ ਹੈ। ਵਿੱਦਿਆ ਵਿਨੈਵਾਨ ਕੋਲ ਰਹਿੰਦੀ ਹੈ। ਉਸ ਦੀ ਸੇਵਾ ਕਰਦੀ ਹੈ। ਇਸ ਲਈ ਹੇ ਤਰਨਹਾਰ ਜੀਵੋ ! ਆਪਣੇ ਵਿਵੇਕ ਨੂੰ ਜਗਾਓ, ਕਿਉਂਕਿ ਚੋਰੀ ਵਰਤ ਦੇ ਤਿਆਗ ਦਾ ਬਿਨਾਂ ਦੋਸ਼ ਕੀਤੇ ਪਾਲਣ ਨਾਲ ਪੁੰਨ ਦੀ ਪ੍ਰਾਪਤੀ ਹੁੰਦੀ ਹੈ।

(35)

ਜੋ ਤਰਨਹਾਰ ਆਤਮਾ ਪਰਾਈ ਵਸਤੂ ਨੂੰ ਨਹੀਂ ਛੋਂਹਦਾ, ਨਾ ਅਜਿਹੀ ਇੱਛਾ ਕਰਦਾ ਹੈ, ਉਹ ਸੁਖੀ ਹੁੰਦਾ ਹੈ। ਪਰ ਬਿਨਾਂ ਦਿੱਤੀ ਵਸਤੂ ਨੂੰ ਗ੍ਰਹਿਣ ਕਰਨ ਨਾਲ ਉਸ ਜੀਵ ਦਾ ਯੱਸ਼ ਅਤੇ ਧਰਮ ਦਾ ਨਾਸ਼ ਹੁੰਦਾ ਹੈ। ਚੋਰੀ ਸਭ ਤਰ੍ਹਾਂ ਦੇ ਅਪਰਾਧਾਂ ਦਾ ਇੱਕੋ ਇੱਕ ਸਾਧਨ

ਹੈ। ਜਦ ਚੋਰ ਫੜ ਲਿਆ ਜਾਂਦਾ ਹੈ, ਤਾਂ ਉਸ ਨੂੰ ਲਾਠੀ, ਚਾਬੁਕ, ਬੈਂਤ ਨਾਲ ਮਾਰ ਖਾਣੀ ਪੈਂਦੀ ਹੈ। ਇਸ ਨੂੰ ਬਧ ਆਖਦੇ ਹਨ। ਰੱਸੀ, ਬੇੜੀ, ਸੰਗਲ, ਹਥਕੜੀ ਨਾਲ ਹੱਥ, ਪੈਰ, ਕਮਰ ਨੂੰ ਦਰਖ਼ਤ ਜਾਂ ਖੰਭੇ ਨਾਲ ਬੰਨਣਾ ਹੀ ਬੰਧਨ ਹੈ। ਨਰਕ ਗਤੀ ਪਸ਼ੂ ਗਤੀ ਅਤੇ ਇਹਨਾਂ ਗਤੀਆਂ ਦੀ ਉਮਰ ਦਾ ਮੁੱਖ ਕਾਰਨ ਚੋਰੀ ਹੈ। ਚੋਰੀ ਦਰਿੱਦਰਤਾ ਦਾ ਲੱਛਣ ਹੈ। ਮਨੁੱਖ ਰਾਹੀਂ ਕੀਤੇ ਸ਼ੁਭ ਭਾਵ (ਮੋਕਸ਼ ਆਦਿ) ਅਤੇ ਸ਼ੁਭ ਗਤੀ (ਦੇਵ ਅਤੇ ਮਨੁੱਖ) ਤੇ ਉਮਰ ਉਤਪੰਨ ਹੋਣ ਵਿਚ ਚੋਰੀ ਕਰਮ ਰੁਕਾਵਟ ਦਾ ਕਾਰਨ ਬਣਦਾ ਹੈ। ਇਸ ਲਈ ਚੋਰੀ ਹੀ ਜੀਵਾਂ ਨੂੰ ਫਾਂਸੀ ਤੇ ਚੜ੍ਹਾ ਕੇ ਅਜਾਈਂ ਮੌਤ ਵੱਲ ਲੈ ਜਾਂਦੀ ਹੈ। ਇਹਨਾਂ ਗੱਲਾਂ ਨੂੰ ਜਾਣ ਕੇ ਸਮਝਦਾਰ ਮਨੁੱਖ ਬਿਨਾਂ ਦਿੱਤੀ ਵਸਤੂ ਗ੍ਰਹਿਣ ਨਾ ਕਰੇ।

(36)

ਨਿਸ਼ਚੈ ਹੀ ਆਪਣੀ ਆਤਮਾ ਦਾ ਭਲਾ ਚਾਹੁਣ ਵਾਲੇ ਨੂੰ ਚੋਰੀ ਨਹੀਂ ਕਰਨੀ ਚਾਹੀਦੀ। ਚੋਰੀ ਕਰਨ ਨਾਲ ਦੂਸਰੇ ਦਾ ਮਨ ਦੁੱਖੀ ਹੁੰਦਾ ਹੈ। ਪਾਪਾਂ ਨਾਲ ਖੇਡਣ ਦਾ ਬਾਗ ਚੋਰੀ ਹੈ। ਚੋਰੀ ਕਰਨ ਵਾਲੇ ਨੂੰ ਦੂਸਰੇ ਨੂੰ ਮਾਰ ਕੇ ਧਨ ਚੋਰੀ ਕਰਨ ਦੀ ਭਾਵਨਾ ਜਾਗਦੀ ਹੈ। ਉਹ ਹਿੰਸਾ ਦਾ ਇੱਕੋ ਇੱਕ ਸਾਧਨ ਬਣ ਜਾਂਦਾ ਹੈ। ਜਿਵੇਂ ਬੱਦਲ ਧਰਤੀ ਉਪਰ ਛਾ ਜਾਂਦੇ ਹਨ, ਜਾਂ ਮੰਡਪ ਤੇ ਵੈਲਾਂ ਚਾਰੋਂ ਤਰਫੋਂ ਮੰਡਪ ਨੂੰ ਢਕ ਲੈਂਦੀਆਂ ਹਨ, ਉਸੇ ਪ੍ਰਕਾਰ ਚੋਰੀ ਕਰਨ ਨਾਲ ਚੋਰ ਹਿੰਸਾ ਆਦਿ ਪਾਪ ਕਰਮਾਂ ਨਾਲ ਢਕ ਜਾਂਦਾ ਹੈ। ਚੋਰੀ ਭੈੜੀ ਗਤੀ ਦੀ ਰਾਹ ਹੈ। ਚੰਗੀ ਤਿੀ ਨੂੰ ਜਾਣ ਤੋਂ ਰੋਕਣ ਲਈ ਦਰਵਾਜੇ ਤੇ ਲੱਗੇ ਪੱਥਰ ਤੇ ਤਖ਼ਤੇ ਹਨ ਅਤੇ ਇਹ ਅੱਗ ਵਰਸਾਉਣ ਵਾਲੀ ਤੋਪ ਦੀ ਤਰ੍ਹਾਂ ਹੈ। ਸਵਰਗ ਤੇ ਮੋਕਸ਼ ਆਦਿ ਮਾਰਗ ਨੂੰ ਜਾਣ ਵਾਲੀ ਰਾਹ ਦੀ ਰੁਕਾਵਟ ਹੈ। ਅਜਿਹਾ ਜਾਣ ਕੇ ਚੋਰੀ ਆਦਿ ਵਿਅਸਨ (ਭੈੜੀ ਆਦਤ) ਦਾ ਤਿਆਗ ਕਰਨਾ ਚਾਹੀਦਾ ਹੈ।

(37)

<u>ਪਰਾਈ ਇਸਤਰੀ ਦੇ ਤਿਆਗ ਦਾ ਫਲ</u> :

ਜਿਸ ਤਰ੍ਹਾਂ ਮਨੁੱਖ ਆਪਣੀ ਇਸਤਰੀ ਸਬੰਧੀ ਵਿਸ਼ੇ ਵਾਸਨਾ ਛੱਦੇ ਹਨ ਨਾ ਹੀ ਪਰਾਈ ਔਰਤ ਪ੍ਰਤਿ ਵਾਸਨਾ ਦਾ ਤਿਆਗ ਕਰਦੇ ਹਨ, ਅਜਿਹੇ ਮਨੁੱਖ ਬੇਇੱਜ਼ਤੀ ਹਾਸਲ ਕਰਦੇ ਹਨ। ਜਿਸ ਪ੍ਰਕਾਰ ਕਿਸੇ ਗੱਲ ਲਈ ਪਿੰਡ ਵਿਚ ਢੋਲ ਵੱਜਦਾ ਹੈ, ਉਸੇ ਪ੍ਰਕਾਰ ਪਰਾਈ ਔਰਤ ਦੇ ਨਾਲ ਭੋਗ ਕਰਨ ਤੇ ਬੇਇੱਜ਼ਤੀ ਹੁੰਦੀ ਹੈ। ਆਪਣੇ ਕੁਲ ਦੀ ਇੱਜ਼ਤ ਤੇ ਸਿਹਾਹੀ ਫਿਰ ਜਾਂਦੀ ਹੈ। ਬ੍ਰਹਮਚਰਜ ਨਾ ਹੋਣ ਕਾਰਨ ਦੇਸ਼ (ਥੋੜ੍ਹਾ) ਸੰਜਮ ਅਤੇ ਸ਼ਕਲ (ਪੂਰਾ ਸੰਜਮ) ਨੂੰ ਜੀਵ ਛੱਡ ਦਿੰਦਾ ਹੈ। ਇਹ ਹਥੇਲੀ ਤੇ ਰੱਖੇ ਪਾਣੀ ਦੀ ਤਰ੍ਹਾਂ ਹੈ। ਅਜਿਹਾ ਜੀਵ ਗੁਣਾਂ ਦੇ ਨਿਵਾਸ ਸਥਾਨ ਬਗੀਚੇ ਨੂੰ ਅੱਗ ਲਾ ਦਿੰਦਾ ਹੈ। ਜਿਸ ਨੇ ਕੁਸ਼ੀਲ ਦਾ ਸੇਵਨ ਕੀਤਾ ਉਸ ਨੇ ਮੁਸੀਬਤਾਂ ਨੂੰ ਬੁਲਾਵਾ ਦਿੱਤਾ। ਫਿਰ ਉਸ ਨੇ ਮੁਕਤੀ ਨਗਰ ਦੇ ਦਰਵਾਜੇ ਤੇ ਅਬ੍ਰਹਮ ਤਖ਼ਤੇ ਲਾ ਕੇ ਬੰਦ ਕਰ ਦਿੰਦਾ ਹੈ। ਸੀਲ ਰਹਿਤ ਜੀਵ ਮੋਕਸ਼ ਨਗਰ ਵਿਚ ਨਹੀਂ ਆ ਸਕਦਾ। ਆਚਾਰਿਆ ਆਖਦੇ ਹਨ : ਜਿਸ ਨੇ ਆਪਣੇ ਸ਼ੀਲ ਰੂਪੀ ਚਿੰਤਾਮਣੀ ਰਤਨ ਨੂੰ ਹੱਥ ਨਾਲ ਸੁੱਟ ਦਿੱਤਾ ਹੈ, ਉਸ ਨੂੰ ਯੱਸ਼, ਸੰਜਮ, ਚਾਰਿੱਤਰ ਆਦਿ ਗੁਣ ਪ੍ਰਾਪਤ ਨਹੀਂ ਹੋ ਸਕਦੇ। ਇਸ ਸ਼ੀਲ ਦਾ ਪਾਲਣ ਮਨ, ਵਚਨ ਤੇ ਸਰੀਰ ਰਾਹੀਂ ਕਰਨਾ, ਕਰਾਉਣਾ ਅਤੇ ਕਰਨ ਵਾਲੇ ਦੀ ਹਮਾਇਤ ਕਰਨੀ ਚਾਹੀਦੀ ਹੈ।

(38)

ਜੋ ਮਨੁੱਖ ਬ੍ਰਹਮਚਰਜ ਨੂੰ ਘਾਰਨ ਕਰਦੇ ਹਨ, ਉਸ ਮਨੁੱਖ ਤੋਂ ਸ਼ੇਰ, ਬਘਿਆੜ, ਹਾਥੀ, ਸੱਪ, ਪਾਣੀ ਤੇ ਅੱਗ ਦਾ ਡਰ ਆਦਿ ਦੇ ਕਸ਼ਟਾਂ ਦਾ ਨਾਸ਼ ਹੋ ਜਾਂਦਾ ਹੈ। ਬ੍ਰਹਮਚਾਰੀ ਦੇਵਲੋਕ ਨੂੰ ਪ੍ਰਾਪਤ ਹੁੰਦਕਾ

ਹੈ। ਯੱਸ਼ ਦਾ ਵਿਸ਼ਲੇਸ਼ਣ ਕਰਕੇ ਧਰਮ ਵਿਚ ਵਾਧਾ ਕਰਦਾ ਹੈ। ਪਾਪਾਂ ਦਾ ਨਾਸ਼ ਕਰਕੇ ਅੰਤ ਸਮੇਂ ਸਵਰਗ ਜਾਂ ਮੋਕਸ਼ ਦੇ ਸੁੱਖਾਂ ਨੂੰ ਪ੍ਰਾਪਤ ਕਰਦਾ ਹੈ।

(39)

ਜੋ ਤਰਨਹਾਰ ਆਤਮਾ ਪਵਿੱਤਰਸ਼ੀਲ ਦਾ ਪਾਲਣ ਕਰਦਾ ਹੈ, ਉਸ ਦੇ ਉਪਰ ਲੱਗੇ ਹੋਏ ਦੋਸ਼ਾਂ ਦਾ ਸ਼ੀਲ ਦੇ ਪ੍ਰਭਾਵ ਨਾਲ ਖ਼ਾਤਮਾ ਹੋ ਜਾਂਦਾ ਹੈ। ਪਾਪ ਰੂਪੀ ਚਿੱਕੜ ਨੂੰ ਇਹ ਸ਼ੀਲ ਧੋ ਦਿੰਦਾ ਹੈ। ਪੁੰਨ ਰੂਪੀ ਸੰਪਤੀ ਨੂੰ ਇਕੱਠਾ ਕਰਦਾ ਹੈ। ਅਜਿਹਾ ਜੀਵ ਆਪਣੀ ਪ੍ਰਸੰਸਾ ਵਿਚ ਵਾਧਾ ਕਰਦਾ ਹੈ। ਉਸ ਨੂੰ ਦੇਵਤਾ ਵੀ ਨਮਸਕਾਰ ਕਰਦੇ ਹਨ। ਅਜਿਹਾ ਜੀਵ ਪਹਾੜ ਦੀ ਤਰ੍ਹਾਂ ਵਿਸ਼ਾਲ ਦੁੱਖਾਂ ਦਾ ਖ਼ਾਤਮਾ ਕਰ ਦਿੰਦਾ ਹੈ। ਅਜਿਹਾ ਜੀਵ ਸਵਰਗ ਤੇ ਮੁਕਤੀ ਖੇਲ ਖੇਲ ਵਿਚ ਪ੍ਰਾਪਤ ਕਰ ਲੈਂਦਾ ਹੈ। ਭਾਵ ਸ਼ੀਲਵਾਨ ਜੀਵ ਲਈ ਮੁਕਤੀ ਦਾ ਰਾਹ ਸਰਲ ਹੋ ਜਾਂਦਾ ਹੈ। ਇਯੇ ਲਈ ਸ਼ੀਲ ਦਾ ਭਾਵ ਸਹਿਤ ਪਾਲਣ ਮਨੁੱਖੀ ਜੀਵਨ ਨੂੰ ਸਾਰਥਕ ਬਣਾਉਣਾ ਹੈ।

(40)

ਪ੍ਰਾਣੀਆਂ ਦੇ ਸ਼ੀਲ ਦਾ ਪਾਲਣ ਕਰਨ ਨਾਲ ਅੱਗ ਵੀ ਪਾਣੀ ਦੀ ਤਰ੍ਹਾਂ ਠੰਢੀ ਹੋ ਜਾਂਦੀ ਹੈ। ਸੱਪ ਫੁੱਲਾਂ ਦੀ ਮਾਲਾ ਬਣ ਜਾਂਦਾ ਹੈ, ਸ਼ੇਰ ਹਿਰਨ ਦੀ ਤਰ੍ਹਾਂ ਬਣ ਜਾਂਦਾ ਹੈ, ਭਟਕਿਆ ਹਾਥੀ ਘੋੜੇ ਦੀ ਤਰ੍ਹਾਂ ਹੋ ਜਾਂਦਾ ਹੈ, ਜ਼ਹਿਰ ਅੰਮ੍ਰਿਤ ਬਣ ਜਾਂਦਾ ਹੈ, ਵਿਘਨ ਤਿਉਹਾਰ ਬਣ ਜਾਂਦੇ ਹਨ, ਵੈਰੀ ਮਿੱਤਰ ਬਣ ਜਾਂਦੇ ਹਨ, ਸਮੁੰਦਰ ਛੋਟੇ ਤਲਾਅ ਦੀ ਤਰ੍ਹਾਂ ਹੋ ਜਾਂਦਾ ਹੈ ਜਾਂ ਬੱਚਿਆਂ ਦੇ ਖੇਡਣ ਵਾਲੇ ਤਲਾਅ ਦੀ ਤਰ੍ਹਾਂ ਹੋ ਜਾਂਦਾ ਹੈ, ਭਿਆਨਕ ਜੰਗਲ ਵੀ ਆਪਣੇ ਘਰ ਦੀ ਤਰ੍ਹਾਂ ਲੱਗਦਾ ਹੈ, ਇਹ ਸਭ ਕੁਝ ਸ਼ੀਲ ਰਾਹੀਂ ਸੰਭਵ ਹੈ।

(41)

<u>ਅਪਰਿਗ੍ਰਹਿ ਦਾ ਫਲ</u> :

ਖੇਤ, ਮਕਾਨ, ਸੋਨਾ, ਚਾਂਦੀ, ਦਾਸੀ, ਕੁੱਪ, ਬਰਤਨ, ਦੋ ਪੈਰਾਂ ਵਾਲੇ ਜੀਵ, ਚਾਰ ਪੈਰਾਂ ਵਾਲੇ ਜੀਵ, ਨੌ ਨਿੱਧੀਆਂ, ਪਰਿਗ੍ਰਹਿ ਰੂਪੀ ਵਾਧੇ ਨੂੰ ਪ੍ਰਾਪਤ ਹੋ ਰਿਹਾ ਹੈ। ਅਗਿਆਨੀ ਮਾਨਵ ਦੀ ਪਰਿਗ੍ਰਹਿ ਦੀਆਂ ਇੱਛਾਵਾਂ ਵਿਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ। ਜਿਸ ਪ੍ਰਕਾਰ ਨਦੀ ਦਾ ਪਾਣੀ ਜਦ ਵਧਦਾ ਹੈ ਤਾਂ ਆਪਣੇ ਅਸਰ ਨਾਲ ਕਿਨਾਰੇ ਨੂੰ ਕੱਟ ਕੇ ਉਬੜ-ਖਾਬੜ ਬਣਾ ਦਿੰਦਾ ਹੈ, ਕਰੀਬ ਦੇ ਦਰਖ਼ਤਾਂ ਨੂੰ ਜੜ੍ਹ ਤੋਂ ਉਖਾੜ ਕੇ ਨਦੀ ਵਹਾ ਲੈ ਜਾਂਦੀ ਹੈ, ਇਸੇ ਤਰ੍ਹਾਂ ਜਦ ਮਨੁੱਖ ਦਾ ਪਰਿਗ੍ਰਹਿ ਵਧਦਾ ਹੈ ਤਾਂ ਨਦੀ ਦੇ ਵਹਾਅ ਦੀ ਤਰ੍ਹਾਂ ਭਿੰਨ ਭਿੰਨ ਪ੍ਰਕਾਰ ਦੇ ਕਸ਼ਟਾਂ ਦਾ ਕਾਰਨ ਪਰਿਗ੍ਰਹਿ ਹੁੰਦਾ ਹੈ। ਪਰਿਗ੍ਰਹਿ ਇਕੱਠਾ ਕਰਨ ਲਈ ਭੁੱਖ, ਪਿਆਸ ਤੇ ਡਰ ਦੇ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਤਰ੍ਹਾਂ ਨਦੀ ਦਾ ਵਹਾ ਕਿਨਾਰੇ ਤੇ ਖੜ੍ਹੇ ਦਰਖਤਾਂ ਨੂੰ ਜੜੋਂ ਪੁਟ ਦਿੰਦਾ ਹੈ, ਉਸੇ ਪ੍ਰਕਾਰ ਇਹ ਪਰਿਗ੍ਰਹਿ ਧਰਮ ਰੂਪੀ ਦਰਖ਼ਤ ਨੂੰ ਜੜ੍ਹ ਤੋਂ ਉਖਾੜ ਸੁੱਟਦਾ ਹੈ। ਪਰਿਗ੍ਰਹਿ ਨੂੰ ਧਰਮ ਚੰਗਾ ਨਹੀਂ ਲੱਗਦਾ। ਉਹ (ਪਰਿਗ੍ਰਹਿ) ਧਰਮ ਤੋਂ ਮੂੰਹ ਮੋੜਦਾ ਹੈ ਅਤੇ ਪਰਿਗ੍ਰਹਿ ਵਿਚ ਰੁੱਝਾ ਮਨੁੱਖ ਧਰਮ ਨੂੰ ਚੰਗਾ ਨਹੀਂ ਸਮਝਦਾ। ਜਿਵੇਂ ਨਦੀ ਦਾ ਵਹਾਅ ਚੱਲਦਾ ਜਾਂਦਾ ਹੈ, ਉਸੇ ਪ੍ਰਕਾਰ ਪਰਿਗ੍ਰਹਿ ਕਾਰਨ ਸੱਮਿਅਕ ਗਿਆਨ, ਸੱਮਿਅਕ ਦਰਸ਼ਨ, ਸੱਮਿਅਕ ਚਾਰਿੱਤਰ ਮੂਲ ਤੋਂ ਨਿਕਲ ਕੇ ਵਹਿ ਜਾਂਦੇ ਹਨ। ਨਿਆਂ, ਦਿਆ, ਖਿਮਾ ਆਦਿ ਕਮਲ ਹਨ। ਜਿਵੇਂ ਵਹਿੰਦਾ ਪਾਣੀ ਕਮਲ ਨੂੰ ਜੜੋਂ ਪੁੱਟ ਸੁੱਟਦਾ ਹੈ, ਉਸੇ ਪ੍ਰਕਾਰ ਪਰਿਗ੍ਰਹਿ ਲੋਕਾਂ ਨੂੰ ਪੀੜਾ ਦਿੰਦਾ ਹੈ। ਸ਼ੁਭ ਧਰਮ ਧਿਆਨ ਵਿਚ ਲੱਗੇ ਹੋਏ ਮਨ ਰੂਪੀ ਹੰਸ ਦੇ ਪਰਦੇਸ ਜਾਣ ਵਿਚ ਵਾਧਾ ਕਰਦਾ ਹੈ। ਭਾਵ ਪਰਿਗ੍ਰਹਿ ਕਾਰਨ ਜੜ੍ਹ ਬੁੱਧੀ ਹੁੰਦੀ ਹੈ। ਅਜਿਹੀ ਬੁੱਧੀ ਵਿਚ ਕਰੋਧ, ਮਾਨ, ਮਾਇਆ ਲੋਭ ਆਦਿ ਕਸ਼ਾਇ ਵਧਦੇ ਫੁੱਲਦੇ ਹਨ। ਲੋਕ ਲਵਨ (ਜਨਮ ਮਰਨ) ਸਮੁੰਦਰ ਦੀ ਤਰ੍ਹਾਂ ਵਾਧੇ ਨੂੰ ਪ੍ਰਾਪਤ ਹੁੰਦਾ ਹੈ।

ਜਿਸ ਕੋਲ ਬਹੁਤ ਸਾਰੀ ਸੰਪਤੀ ਹੋਣ ਤੇ ਵੀ ਪੈਸ ਪ੍ਰਤੀ ਮੂਰਛਾ (ਲਗਾਓ) ਹੈ, ਉਸ ਦਾ ਜੀਵਨ ਵਿੰਧਿਆਚਲ ਵਿਚ ਹਾਥੀ ਦੇ ਸ਼ੋਰ ਮਚਾਉਣ ਦੀ ਤਰ੍ਹਾਂ ਹੈ। ਜੋ ਕਦੇ ਕਿਸੇ ਦਰਖ਼ਤ ਦੀ ਸ਼ਾਖ ਤੋੜ ਦਿੰਦਾ ਹੈ। ਉਸ ਪ੍ਰਕਾਰ ਇਸ ਪ੍ਰਕਾਰ ਦਾ ਧਨਵਾਨ ਵਸਤਾਂ ਪ੍ਰਤੀ ਮੋਹ ਕਾਰਨ ਬਾਲ ਹਾਥੀ ਦੀ ਤਰ੍ਹਾਂ ਬਣ ਜਾਂਦਾ ਹੈ। ਉਸ ਵਿਚ ਜੋ ਵਿਘਨ ਉਤਪੰਨ ਹੁੰਦੇ ਹਨ ਉਹ ਹੀ ਕਲਹ (ਝਗੜਾ) ਹੈ। ਗਿੱਧ ਸ਼ਮਸ਼ਾਨ ਭੂਮੀ ਵਿਚ ਨਿਵਾਸ ਕਰਦਾ ਹੈ। ਉਸੇ ਤਰ੍ਹਾਂ ਕਰੋਧ ਦਾ ਨਿਵਾਸ ਪਰਿਗ੍ਰਹਿ ਹੈ। ਦੁੱਖ ਰੂਪੀ ਸੱਪ ਦਾ ਨਿਵਾਸ ਸਥਾਨ ਇਹ ਧਨ ਹੀ ਹੈ। ਦਵੇਸ਼ ਰੂਪੀ ਚੋਰਾਂ ਦੇ ਆਜ਼ਾਦ ਘੁੰਮਣ ਲਈ ਪਰਿਗ੍ਰਹਿ ਰੂਪੀ ਰਾਤ ਹੈ। ਇਹ ਪਰਿਗ੍ਰਹਿ ਪੁੰਨ ਰੂਪੀ ਰਾਹ ਨੂੰ ਜਾਲਣ ਵਿਚ ਜੰਗਲ ਦੀ ਅੱਗ ਦਾ ਕੰਮ ਕਰਦਾ ਹੈ। ਦਿਆ, ਖਿਮਾ, ਕੋਮਲਤਾ ਆਦਿ ਗੁਣਾਂ ਨੂੰ ਖ਼ਤਮ ਕਰਨ ਵਿਚ ਇਸ ਤਰ੍ਹਾਂ ਹੈ, ਜਿਵੇਂ ਬੱਦਲਾਂ ਨੂੰ ਹਵਾ ਖ਼ਤਮ ਕਰਦੀ ਹੈ। ਨਿਆਂ ਹੀ ਕਮਲ ਵਨ ਹੈ। ਇਸ ਨੂੰ ਨਸ਼ਟ ਕਰਨ ਵਿਚ ਪਰਿਗ੍ਰਹਿ ਪਾਲਾ (ਠੰਡ) ਦਾ ਕੰਮ ਕਰਦਾ ਹੈ। ਜਿਸ ਪ੍ਰਕਾਰ ਪਾਲਾ ਕਮਲਾਂ ਦਾ ਖ਼ਾਤਮਾ ਕਰਦਾ ਹੈ, ਉਸੇ ਪ੍ਰਕਾਰ ਧਨ ਦਾ ਇੱਛੁਕ ਮਨੁੱਖ ਠੱਗੀ, ਬੇਇਮਾਨੀ ਨਾਲ ਧਨ ਦਾ ਇਕੱਠ ਕਰਦਾ ਹੈ। ਇਮਾਨਦਾਰੀ ਨਾਲ ਨਹੀਂ।

(43)

ਇਹ ਪਰਿਗ੍ਰਹਿ ਵਿਸ਼ੇਸ਼ ਮੂਰਛਾ (ਲਗਾਉ) ਦਾ ਕਾਰਨ ਹੋਣ ਕਰਕੇ ਵਿਵੇਕ ਨੂੰ ਖ਼ਤਮ ਕਰਦਾ ਹੈ। ਵੈਰਾਗ ਭਾਵ ਦਾ ਨਾਸ਼ ਕਰਨ ਵਿਚ ਦੁਸ਼ਮਣ ਦੀ ਭੂਮਿਕਾ ਅਦਾ ਕਰਦਾ ਹੈ। ਪਰਿਗ੍ਰਹਿ ਅਸੰਤੋਸ਼ ਦਾ ਮਿੱਤਰ ਹੈ। ਮੋਹਨੀਆ ਕਰਮ ਦੀ ਮਿੱਥਿਆਤਵ (ਗਲਤ ਵਿਸ਼ਵਾਸ) ਦਰਸ਼ਨ ਮੋਹਨੀਆ ਤੇ ਚਾਰਿੱਤਰ ਮੋਹਨੀਆ ਕਰਮਾਂ ਦੇ ਆਰਾਮ ਕਰਨ ਦੀ ਜਗ੍ਹਾ ਹੈ। ਅਸ਼ੁੱਭ ਪਾਪ ਕਰਮਾਂ ਦੀ ਖਾਨ ਹੈ। ਦੁੱਖਾਂ ਦਾ ਇਹ ਪਰਿਗ੍ਰਹਿ ਆਰਤ ਤੇ ਰੋਦਰ ਧਿਆਨ ਦੇ ਖੇਡਣ ਦਾ ਬਾਗ ਹੈ। ਵਿਆਕੁਲਤਾ (ਪੀੜਾਂ) ਦਾ ਸਮੁੰਦਰ ਹੈ। ਹੰਕਾਰ ਦਾ ਮੰਤਰੀ ਹੈ ਅਤੇ ਖਾਸ ਦੁੱਖਾਂ ਦਾ ਕਾਰਨ ਹੈ। ਵੈਰ-ਵਿਰੋਧ ਦੇ ਖੇਡਣ ਦਾ ਮੈਦਾਨ ਹੈ।

ਅਜਿਹਾ ਜਾਣ ਕੇ ਪਰਿਗ੍ਰਹਿ ਦਾ ਤਿਆਗ ਕਰਕੇ ਸੁੱਖ ਸੰਤੋਖ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

(44)

ਜਿਵੇਂ ਅੱਗ ਬਹੁਤ ਸਾਰੇ ਬਾਲਣ ਨੂੰ ਜਲਾ ਕੇ ਵੀ ਸੰਤੁਸ਼ਟ ਨਹੀਂ ਹੁੰਦੀ, ਸਮੁੰਦਰ ਦੀ ਹਜ਼ਾਰਾਂ ਨਦੀਆਂ ਦਾ ਪਾਣੀ ਪੀ ਕੇ ਵੀ ਪਿਆਸ ਨਹੀਂ ਬੁਝਦੀ, ਉਸੇ ਪ੍ਰਕਾਰ ਮਨੁੱਖ ਬਹੁਤ ਸਾਰਾ ਧਨ ਪਾ ਕੇ ਵੀ ਸੰਤੋਖ ਨੂੰ ਹਾਸਲ ਨਹੀਂ ਕਰ ਸਕਦਾ। ਮੋਹ ਰੂਪੀ ਬੱਦਲਾਂ ਨਾਲ ਢਕੇ ਮਨੁੱਖ ਇਸ ਪ੍ਰਕਾਰ ਨਹੀਂ ਮੰਨਦੇ। ਜੋ ਜੀਵ ਸੰਪੂਰਨ ਸੰਪਤੀ ਨੂੰ ਛੱਡ ਕੇ ਦੂਸਰਾ ਜਨਮ ਗ੍ਰਹਿਣ ਕਰਦਾ ਹੈ, ਫਿਰ ਮੈਂ ਬੇਅਰਥ ਬਹੁਤ ਸਾਰਾ ਪਾਪਾਂ ਦਾ ਕਾਰਨ ਧਨ ਨੂੰ ਕਿ ਕਰਾਂਗਾ, ਅਜਿਹਾ ਜਾਣ ਕੇ ਪਾਪਾਂ ਦੇ ਕਾਰਨ ਪਰਿਗ੍ਰਹਿ ਨੂੰ ਤਿਆਗਣਾ ਹੀ ਠੀਕ ਹੈ।

(45)

ਕਰੋਧ ਤਿਆਗਣ ਦਾ ਫਲ :

ਜੋ ਤਰਨਹਾਰੀ ਜੀਵ ਆਪਦੀ ਰਾਜੀ ਖੁਸ਼ੀ ਬਰਕਾਰ ਰੱਖਣ ਵਿਚ ਯੋਗ ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਕਰੋਧ ਕਸ਼ਾਇ ਨੂੰ ਜੜੋਂ ਪੁੱਟ ਕੇ ਸੁੱਟ ਦੇਣ। ਕਰੋਧ ਕਸ਼ਾਇ ਮਨ ਵਿਚ ਵਿਕਾਰ ਉਤਪੰਨ ਕਰਨ ਵਿਚ ਸ਼ਰਾਬ ਦੀ ਤਰ੍ਹਾਂ ਮਿੱਤਰ ਹੈ। ਭਿਆਨਕ ਦੁੱਖ ਉਤਪੰਨ ਕਰਨ ਵਿਚ ਸੱਪ ਦੀ ਤਰ੍ਹਾਂ ਹੈ, ਸਰੀਰ ਨੂੰ ਜਲਾਉਣ ਵਿਚ ਅੱਗ ਦੀ ਤਰ੍ਹਾਂ ਛੋਟਾ ਭਰਾ ਹੈ, ਆਤਮਾ ਵਿਚ ਚੇਤੰਨ ਗਿਆਨ ਦਾ ਨਾਸ਼ ਕਰਨ ਵਿਚ ਅਨਾਦਿ ਕਾਲ ਤੋਂ ਜ਼ਹਿਰੀਲੇ ਦਰਖ਼ਤ ਦੀ ਤਰ੍ਹਾਂ ਹੈ। ਸੱਚੇ ਧਰਮ ਦਾ ਖ਼ਾਤਮਾ ਕਰਨ ਵਾਲਾ ਹੈ। ਇਸ ਲਈ ਵਿਰੋਧ ਦਾ ਤਿਆਗ ਕਰੋ।

(46)

ਚਾਰਿੱਤਰ ਤੇ ਤਪ ਰੂਪੀ ਦਰਖ਼ਤ ਦਾ ਮੋਕਸ਼ ਦਾ ਫਲ ਦੇਣ ਵਾਲਾ ਹੈ। ਜੋ ਪੁੰਨ ਦਾ ਉਤਪਾਦਨ ਅਤੇ ਕਲਿਆਣ ਦੀ ਪਾਉੜੀ ਦੀ ਤਰ੍ਹਾਂ ਹੈ, ਫੁੱਲਾਂ ਦੀ ਕਿਆਰੀ ਦੀ ਤਰ੍ਹਾਂ ਹੈ। ਭਾਵ ਉਪਸ਼ਮ ਰੂਪੀ ਪਾਣੀ

ਨਾਲ ਜਿਸ ਦੀ ਸਿੰਚਾਈ ਹੋਈ ਹੈ, ਅਜਿਹੇ ਤਪ ਤੇ ਚਾਰਿੱਤਰ ਰੂਪੀ ਦਰਖ਼ਤ ਨੂੰ ਕਰੋਧ ਰੂਪੀ ਅੱਗ ਦੀ ਨੇੜਤਾ ਪ੍ਰਾਪਤ ਹੈ। ਕਰੋਧ ਨੂੰ ਭਸਮ ਕਰ ਦਿੰਦਾ ਹੈ। ਇਸੇ ਕਰੋਧ ਦੀ ਅੱਗ ਦੀ ਰਾਖ ਬਣਨ ਦਾ ਫਲ ਤਪ ਤੇ ਚਾਰਿੱਤਰ ਰੂਪੀ ਦਰਖ਼ਤ ਦਾ ਪ੍ਰਾਪਤ ਹੋਣ ਅਤੇ ਮੁਕਤੀ ਦਾ ਪ੍ਰਾਪਤ ਹੋਣਾ ਹੈ। ਇਸ ਤਪ ਤੇ ਚਾਰਿੱਤਰ ਰੂਪੀ ਦਰਖ਼ਤ ਨੂੰ ਕਰੋਧ ਦਾ ਸਾਥ ਮਿਲਣ ਤੇ ਚਾਰਿੱਤਰ ਰੂਪੀ ਦਰਖ਼ਤ ਜਲ ਕੇ ਨਸ਼ਟ ਹੋ ਜਾਂਦਾ ਹੈ। ਇਸ ਲਈ ਮੋਕਸ਼ ਚਾਹੁਣ ਵਾਲੇ ਜੀਵ ਨੂੰ ਕਰੋਧ ਦਾ ਤਿਆਗ ਕਰਨਾ ਚਾਹੀਦਾ ਹੈ।

(47)

ਇਹ ਕਰੋਧ ਹਮੇਸ਼ਾ ਛੱਡਣ ਯੋਗ ਹੈ। ਕਰੋਧ ਅਨੇਕਾਂ ਦੋਸ਼ਾਂ ਵਾਲਾ ਹੈ। ਦੁੱਖ ਸੰਤਾਪ ਦਾ ਵਿਸਥਾਰ ਕਰਨ ਵਾਲਾ ਹੈ। ਆਤਮਾ ਦੇ ਵਿਨੈ ਰੂਪੀ ਗੁਣ ਦਾ ਨਾਸ਼ ਕਰਦਾ ਹੈ। ਭਾਵ ਉਸ ਦੇ ਟੁਕੜੇ ਕਰਦਾ ਹੈ। ਇਹ ਕਰੋਧ ਕਸ਼ਾਇ (ਕਰੋਧ, ਮਾਨ, ਮਾਇਆ, ਲੋਭ) ਵਿਚ ਵਾਧਾ ਕਰਨ ਵਾਲਾ ਹੈ। ਮਿੱਤਰਤਾ ਦਾ ਨਾਸ਼ ਕਰਨ ਵਾਲਾ ਹੈ। ਝੂਠੇ ਵਚਨਾਂ ਨੂੰ ਜਨਮ ਦੇਣ ਵਾਲਾ ਹੈ। ਲੜਾਈ ਝਗੜੇ ਨੂੰ ਜਨਮ ਦੇਣ ਵਾਲਾ ਹੈ। ਯੱਸ਼ ਦਾ ਖ਼ਾਤਮਾ ਕਰਨ ਵਾਲਾ ਹੈ। ਖੋਟੀ ਬੁੱਧੀ ਤੇ ਵਿਗੜੀ ਬੁੱਧੀ ਦਾ ਜਨਮ ਦਾਤਾ ਹੈ। ਬੁਰੀ ਜੂਨ (ਨਰਕ, ਪਸ਼ੂ) ਆਦਿ ਦਾ ਦੇਣ ਵਾਲਾ ਹੈ। ਇਸ ਲਈ ਕਰੋਧ ਦਾ ਤਿਆਗ ਕਰ ਦੇਣਾ ਚਾਹੀਦਾ ਹੈ ਕਿਉਂਕਿ ਕਰੋਧ ਆਪਣੀ ਤੇ ਪਰਾਈ ਦੋਹਾਂ ਆਤਮਾਂ ਦਾ ਵਿਨਾਸ਼ ਕਰਨ ਵਾਲਾ ਹੈ।

(48)

ਇਹ ਕਰੋਧ ਕਸ਼ਾਇ ਧਰਮ ਰੂਪੀ ਦਰਖ਼ਤ (ਸੱਮਿਅਕ ਗਿਆਨ, ਸੱਮਿਅਕ ਦਰਸ਼ਨ, ਸੱਮਿਅਕ ਚਾਰਿੱਤਰ) ਨੂੰ ਜੰਗਲ ਦੀ ਅੱਗ ਦੀ ਤਰ੍ਹਾਂ ਜਲਾ ਦਿੰਦਾ ਹੈ। ਨਿਆਂ ਰੂਪੀ ਵੇਲ ਨੂੰ ਉਖਾੜ ਦਿੰਦਾ ਹੈ। ਜਿਸ ਪ੍ਰਕਾਰ ਜੰਗਲ ਦਾ ਹਾਥੀ ਵੇਲ ਨੂੰ ਉਖਾੜ ਦਿੰਦਾ ਹੈ, ਉਸੇ ਤਰ੍ਹਾਂ

ਕਰੋਧ ਮਨੁੱਖ ਦੇ ਯਸ਼ ਦਾ ਨਾਸ਼ ਕਰ ਦਿੰਦਾ ਹੈ। ਜਿਸ ਤਰ੍ਹਾਂ ਰਾਹੂ ਚੰਦਰਮਾ ਦਾ ਨਾਸ਼ ਕਰ ਦਿੰਦਾ ਹੈ, ਇਸੇ ਪ੍ਰਕਾਰ ਆਤਮਾ ਦੇ ਸੁਭਾਵਿਕ ਗੁਣਾਂ (ਗਿਆਨ) ਦਾ ਕਰੋਧ ਨਾਸ਼ ਕਰ ਦਿੰਦਾ ਹੈ।

ਜਿਸ ਤਰ੍ਹਾਂ ਆਕਾਸ਼ ਤੇ ਜਦ ਕਾਲੇ ਬੱਦਲ ਆਉਂਦੇ ਹਨ, ਤਦ ਹਵਾ ਦੇ ਚੱਲਣ ਨਾਲ ਬੱਦਲ ਉੱਥੇ ਹੀ ਖ਼ਤਮ ਹੋ ਜਾਂਦੇ ਹਨ। ਕਰੋਧ ਦੁੱਖਾਂ ਦਾ ਵਿਸਥਾਰ ਕਰਦਾ ਹੈ, ਜਿਵੇਂ ਗਰਮੀ ਪਿਆਸ ਵਿਚ ਵਾਧਾ ਕਰਦੀ ਹੈ, ਜਿਵੇਂ ਤ੍ਰਿਸ਼ਨ ਤੇ ਇੱਛਾ ਦਾ ਵਿਸਥਾਰ ਹੁੰਦਾ ਹੈ, ਉਸੇ ਤਰ੍ਹਾਂ ਕਰੋਧ ਦੀ ਅੱਗ ਵਧਦੀ ਜਾਂਦੀ ਹੈ। ਜਿਸ ਦੇ ਸਿੱਟੇ ਵਜੋਂ ਕੀਤਾ ਦਿਆ ਆਦਿ ਗੁਣਾਂ ਵਾਲੇ ਧਰਮ ਦਾ ਖ਼ਾਤਮਾ ਹੋ ਜਾਂਦਾ ਹੈ। ਅਜਿਹਾ ਜਾਣ ਕੇ ਕਰੋਧ ਦਾ ਤਿਆਗ ਹੀ ਉਚਿਤ ਧਰਮ ਹੈ।

(49)

ਅਭਿਮਾਨ ਤਿਆਗ ਦਾ ਫਲ :

ਮਾਨ ਕਸ਼ਾਇ ਵੀ ਇਕ ਵਿਸ਼ਾਲ ਪਰਬਤ ਹੈ। ਜਿਸ ਨੂੰ ਪਾਰ ਕਰਨਾ ਬਹੁਤ ਮੁਸ਼ਕਿਲ ਕੰਮ ਹੈ। ਮਾਨ ਕਾਰਨ ਗ੍ਰਹਿਣ ਕਰਨਯੋਗ ਧਰਮ ਪ੍ਰਾਪਤ ਨਹੀਂ ਹੁੰਦਾ। ਇਹ ਗੁਣ ਮਾਨ ਕਰਨ ਵਾਲੇ ਨੂੰ ਛੱਡ ਦਿੰਦੇ ਹਨ। ਮਾਨ, ਕਰੋਧ ਰੂਪੀ ਜੰਗਲ ਵੀ ਅੱਗ ਵਿਚ ਫਸਾ ਕੇ ਸਾਰੇ ਗੁਣਾਂ ਦਾ ਨਾਸ਼ ਕਰਦਾ ਹੈ। ਜਿਸ ਪ੍ਰਕਾਰ ਜੰਗਲ ਦੀ ਅੱਗ ਹਰੇ ਭਰੇ ਜੰਗਲਾਂ ਦਾ ਖ਼ਾਤਮਾ ਕਰ ਦਿੰਦੀ ਹੈ। ਤਦ ਵਿਸ਼ੇਸ਼ ਧੂੰਆਂ ਉਠਦਾ ਹੈ।

ਹੰਕਾਰ ਰੂਪੀ ਪਰਬਤ ਨੂੰ ਪਾਰ ਕਰਨਾ ਮੁਸ਼ਕਿਲ ਹੈ। ਇਹ ਪਰਬਤ ਕਸ਼ਟ ਰੂਪੀ ਨਦੀ ਨਾਲਿਆਂ ਵਾਲਾ ਹੈ। ਇਸੇ ਕਾਰਨ ਇਨ੍ਹਾਂ ਨਦੀਆਂ ਨੂੰ ਪਾਰ ਕਰਨਾ ਮੁਸ਼ਕਿਲ ਹੈ। ਇਹ ਮਾਨ ਰੂਪੀ ਪਰਬਤ ਕਰੋਧ ਰੂਪੀ ਜੰਗਲ ਦੀ ਅੱਗ ਦਾ ਰੂਪ ਧਾਰਨ ਕਰਦਾ ਹੈ। ਤਾਂ ਹਿੰਸਾ ਆਦਿ ਪਾਪ ਅਤੇ ਬੁਰੀ ਬੁੱਧੀ ਰੂਪੀ ਧੂੰਆ ਉਠਦਾ ਹੈ। ਮਾਨ ਕਸ਼ਾਇ ਕਾਰਨ ਵਿਨੈ ਗੁਣਾਂ ਦਾ ਖ਼ਾਤਮਾ ਹੋ ਜਾਂਦਾ ਹੈ। ਇਸ ਲਈ ਮਾਨ ਛੱਡ ਦੇਣਾ ਚਾਹੀਦਾ ਹੈ।

(50)

<u>ਅਹੰਕਾਰ ਤਿਆਗ ਦਾ ਫਲ</u> :

ਹੰਕਾਰ ਵਿਚ ਅੰਨ੍ਹਾ ਮਨੁੱਖ ਕੀ ਨਹੀਂ ਕਰਦਾ ? ਕਿੰਨੇ ਪਾਪ ਨਹੀਂ ਕਰਦਾ ? ਸਾਰੇ ਅਣਰਥ ਦੀ ਖਾਨ ਹੰਕਾਰ ਹੈ।

ਜਿਵੇਂ ਵਿਗੜਿਆ ਹਾਥੀ ਕੀਲੇ ਤੋਂ ਸੰਗਲ ਤੁੜਾ ਕੇ ਭਿੰਨ ਭਿੰਨ ਪ੍ਰਕਾਰ ਦੇ ਖ਼ਤਰੇ ਪੈਦਾ ਕਰਦਾ ਹੈ। ਰਾਹ ਵਿਚ ਧੂੜ ਉਡਾਉਂਦਾ ਹੋਇਆ ਅੰਕੁਸ਼ ਦੀ ਪ੍ਰਵਾਹ ਨਾ ਕਰਦੇ ਹੋਏ ਮਨ ਮਰਜ਼ੀ ਕਰਦਾ ਹੈ। ਉਸੇ ਪ੍ਰਕਾਰ ਧਨ ਦੌਲਤ ਦੇ ਹੰਕਾਰ ਵਾਲਾ ਮਨੁੱਖ ਨਿਰਮਲ ਬੁੱਧੀ ਰੂਪੀ ਰੱਸੇ ਨੂੰ ਤੋੜ ਕੇ ਖੋਟੇ ਬਚਨ ਰੂਪੀ ਧੂੜ ਦੇ ਸਮੂਹ ਨੂੰ ਚੁੱਕ ਚੁੱਕ ਕੇ ਸੁੱਟਦਾ ਹੈ। ਸ਼ਾਸਤਰ ਅਤੇ ਜਿਨ ਪ੍ਰਵਚਨ ਰੂਪੀ ਅੰਕੁਸ਼ ਦੀ ਪ੍ਰਵਾਹ ਨਾ ਕਰਕੇ ਜਗਤ ਵਿਚ ਆਪਣੀ ਮਰਜ਼ੀ ਨਾਲ ਘੁੰਮਦਾ ਹੈ। ਵਿਨੈ ਅਤੇ ਨਿਯਮਾਂ ਰੂਪੀ ਪਾਉੜੀ ਨੂੰ ਨਸ਼ਟ ਕਰਦਾ ਹੈ। ਇਸ ਲਈ ਹੰਕਾਰ ਦਾ ਤਿਆਗ ਕਰਨਾ ਚੰਗਾ ਹੈ।

(51)

ਹੰਕਾਰ ਮਨੁੱਖ ਦੇ ਧਰਮ, ਅਰਥ ਤੇ ਕਾਮ ਦਾ ਨਾਸ ਕਰ ਦਿੰਦਾ ਹੈ। ਕਰਨਯੋਗ ਧਰਮ ਦਾ ਨਾਂਸ ਕਰਦਾ ਹੈ। ਆਕਾਸ਼ ਵਿਚ ਛਾਏ ਬੱਦਲਾਂ ਦੀ ਹਵਾ ਦੀ ਤਰ੍ਹਾਂ ਵਿਨੈ ਧਰਮ ਨੂੰ ਨਸ਼ਟ ਕਰ ਦਿੰਦਾ ਹੈ। ਹੰਕਾਰ ਜੀਵਨ ਦਾ ਨਾਸ ਕਰਦਾ ਹੈ। ਛੇਤੀ ਹੀ ਜੱਸ ਰੂਪੀ ਜੜ ਨੂੰ ਜੜ ਤੋਂ ਪੁੱਟ ਕੇ ਬਾਹਰ ਸੁੱਟਦਾ ਹੈ, ਜਿਵੇਂ ਨੌਜਵਾਨ ਹਾਥੀ ਜੋਸ਼ ਵਿਚ ਕਮਲ ਦੀ ਵੇਲ ਨੂੰ ਜੜ ਤੋਂ ਪੁੱਟ ਸੁੱਟਦਾ ਹੈ। ਇਸ ਪ੍ਰਕਾਰ ਹੰਕਾਰ ਮਨੁੱਖ ਦੇ ਧਰਮ, ਅਰਥ ਤੇ ਕਾਮ ਇਨ੍ਹਾਂ ਮਹਾਂਪੁਰਸ਼ਾਂ ਤੋਂ ਦੂਰ ਵਿਨੈ ਆਦਿ ਗੁਣਾਂ ਦਾ ਖ਼ਾਤਮਾ ਕਰਦਾ ਹੈ।

(52)

<u>ਕਪਟ (ਮਾਇਆ) ਤਿਆਗ ਦਾ ਫਲ</u> :

ਹੇ ਤਰਨਹਾਰ ਜੀਵੋ ! ਤੁਸੀਂ ਮਾਇਆ (ਕਪਟ) ਦੂਰੋਂ ਹੀ ਛੱਡ ਦੇਵੋ। ਇਹ ਕਪਟ ਚਤੁਰਾਈ ਨੂੰ ਪੈਦਾ ਕਰਨ ਵਿਚ ਬਾਂਝ ਇਸਤਰੀ ਦੀ ਤਰ੍ਹਾਂ ਹੈ, ਜਿਸ ਤਰ੍ਹਾਂ ਬਾਂਝ ਔਰਤ ਪੁੱਤਰ ਪੈਦਾ ਨਹੀਂ ਕਰ ਸਕਦੀ, ਉਸ ਤਰ੍ਹਾਂ ਕਪਟ ਕਾਰਨ ਜੀਵ ਵਿਚ ਗੁਣ ਪੈਦਾ ਨਹੀਂ ਹੋ ਸਕਦੇ। ਇਹ ਕਪਟ ਸੱਚ ਰੂਪੀ ਸੂਰਜ ਨੂੰ ਡੋਬਣ ਵਾਲੀ ਸ਼ਾਮ ਦੀ ਤਰ੍ਹਾਂ ਹੈ। ਜਿਵੇਂ ਸੂਰਜ ਛੁਪਣ ਨਾਲ ਚਾਰੇ ਪਾਸੇ ਹਨੇਰਾ ਛਾ ਜਾਂਦਾ ਹੈ, ਉਸੇ ਤਰ੍ਹਾਂ ਕਪਟੀ ਕੋਲ ਸੱਚੇ ਵਚਨ ਲੁਪਤ ਹੋ ਜਾਂਦੇ ਹਨ।

ਕਪਟ ਦਾ ਸੇਵਨ ਦੁਰਗਤਿ ਰੂਪੀ ਇਸਤਰੀ ਦੇ ਗਲ ਵਿਚ ਵਰ ਮਾਲਾ ਪਾਉਣ ਦੀ ਤਰ੍ਹਾਂ ਹੈ। ਇਹ ਕਪਟ ਮੋਹ ਰੂਪੀ ਹਾਥੀ ਦੇ ਰਹਿਣ ਦਾ ਠਿਕਾਣਾ ਹੈ। ਇਹ ਛਲ ਕਪਟ ਸਮਭਾਵ ਰੂਪੀ ਕਮਲ ਨਾਲ ਭਰੇ ਜੰਗਲ ਨੂੰ ਪਾਲੇ ਦੀ ਤਰ੍ਹਾਂ ਸੁਕਾ ਦਿੰਦਾ ਹੈ। ਭਾਵ ਜਿਵੇਂ ਪਾਲਾ ਪੈਣ ਨਾਲ ਰੂਪ ਕਮਲ ਜੰਗਲ ਸੁੱਕ ਜਾਂਦਾ ਹੈ, ਉਸੇ ਤਰ੍ਹਾਂ ਕਪਟ ਆਦਿ ਦੁਰਗੁਣਾਂ ਕਾਰਨ ਸੱਮਿਅਕ ਗਿਆਨ, ਸੱਮਿਅਕ ਦਰਸ਼ਨ ਅਤੇ ਸੱਮਿਅਕ ਚਾਰਿੱਤਰ ਆਦਿ ਗੁਣ ਨਸ਼ਟ ਹੋ ਜਾਂਦੇ ਹਨ।

ਬੇਇੱਜ਼ਤੀ ਦਾ ਨਿਵਾਸ ਕਪਟ ਨਗਰੀ ਹੈ। ਹਜ਼ਾਰਾਂ ਕਪਟਾਂ ਦੀ ਸਹਾਇਤਾ ਕਰਨ ਵਾਲੀ ਇਹ ਮਾਇਆ (ਕਪਟ) ਹੈ। ਇਸ ਲਈ ਮਾਇਆ ਨੂੰ ਦੂਰ ਤੋਂ ਹੀ ਛੱਡ ਦੇਵੋ।

(53)

ਜੋ ਅਨੇਕ ਯਤਨ ਕਰਕੇ ਕਪਟ ਕਰਨੇ ਦੇ ਲਈ ਹੋਰ ਭੋਲੇ ਭਾਲੇ ਮਨੁੱਖਾਂ ਨੂੰ ਠੱਗਦੇ ਹਨ, ਉਹ ਮਨੁੱਖ ਮਹਾਮੋਹ ਰਾਜਾ ਦੇ ਮਿੱਤਰ ਦੀ ਸਵਰਗ ਤੇ ਮੋਕਸ਼ ਦੇ ਸੁੱਖ ਤੋਂ ਰਹਿਤ ਹੋ ਕੇ ਆਪਣੇ ਆਪ ਨੂੰ ਠੱਗਦੇ ਹਨ। ਭਾਵ ਮਾਇਆ ਦੇ ਸੇਵਕ ਮਹਾਮੋਹ ਰੂਪੀ ਰਾਜਾ ਦੇ ਮਿੱਤਰ ਬਣ ਜਾਂਦੇ ਹਨ। ਉਹ ਜੀਵ ਸਵਰਗ ਤੇ ਮੋਕਸ਼ ਨੂੰ ਪ੍ਰਾਪਤ ਨਾ ਹੋਣ ਕਾਰਨ ਖੁਦ ਨੂੰ ਹੀ ਠੱਗਦੇ ਹਨ।

(54)

ਜਿਨ੍ਹਾਂ ਦਾ ਮਨ ਦੁਸ਼ਟ ਬਿਰਤੀ ਵਾਲਾ ਹੈ। ਧਨ ਪ੍ਰਾਪਤ ਕਰਨ ਦੀ ਭਾਵਨਾ ਨਾਲ ਹੋਰਾਂ ਨਾਲ ਧੋਖਾ ਕਰਦੇ ਹਨ, ਉਹ ਮਨੁੱਖ ਆਉਣ ਵਾਲੇ ਦੁੱਖਾਂ ਨੂੰ ਨਹੀਂ ਵੇਖਦੇ। ਜਿਵੇਂ ਬਿੱਲੀ ਦੁੱਧ ਪੀਂਦੀ ਹੋਈ ਡੰਡੇ ਦਾ ਖਿਆਲ ਭੁੱਲ ਜਾਂਦੀ ਹੈ। ਇਹ ਮਾਇਆ ਅਵਿਸ਼ਵਾਸ ਦਾ ਘਰ ਹੈ। ਇਸ ਲਈ ਮਾਇਆ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਜਿਸ ਧੋਖੇਬਾਜ਼ ਦਾ ਮਨ ਧੋਖਾ ਕਰਨ ਵਿਚ ਲੱਗਾ ਹੋਇਆ ਹੈ, ਜਿਸ ਮਨੁੱਖ ਨੂੰ ਧਨ ਪ੍ਰਾਪਤੀ ਦੀ ਲਾਲਸਾ ਹੈ, ਉਸ ਮਨੁੱਖ ਦੀ ਚਤੁਰਾਈ ਭਵਿੱਖ ਵਿਚ ਅਨੇਕਾਂ ਪ੍ਰਕਾਰ ਦੇ ਕਸ਼ਟਾਂ ਨੂੰ ਉਤਪੰਨ ਕਰਦੀ ਹੈ। ਇਹ ਮਨੁੱਖ ਤਦ ਤੱਕ ਸ਼ਾਂਤ ਨਹੀਂ ਹੁੰਦੇ, ਜਦ ਤੱਕ ਉਨ੍ਹਾਂ ਦਾ ਫਲ ਸਾਹਮਣੇ ਨਹੀਂ ਆਉਂਦਾ। ਮੂਰਖਾਂ ਲਈ ਇਹ ਮਾਇਆ ਇਸ ਤਰ੍ਹਾਂ ਹੈ ਜਿਵੇਂ ਰੋਗੀ ਲਈ ਬਿਮਾਰੀ ਵਿਚ ਵਾਧਾ ਕਰਨ ਵਾਲਾ ਭੋਜਨ ਹੈ। ਬਿਮਾਰੀ ਵਿਚ ਵਾਧਾ ਕਰਦਾ ਹੈ। ਉਸੇ ਤਰ੍ਹਾਂ ਕਰਮ ਫਲ ਆਪਣਾ ਫਲ ਦਿੱਤੇ ਬਿਨਾਂ ਖ਼ਤਮ ਨਹੀਂ ਹੁੰਦਾ। ਇਹ ਮਾਇਆ ਮੂਰਖਾਂ ਨੂੰ ਠੱਗਣ ਵਿਚ ਚਤੁਰ ਹੈ, ਦੁਰਗਤਿ ਵਿਚ ਲੈ ਜਾਣ ਵਾਲੀ ਹੈ। ਇਸ ਲਈ ਮਾਇਆ ਦਾ ਤਿਆਗ ਕਰੋ।

(55)

ਲੋਭ ਤਿਆਗ ਦਾ ਫਲ :

ਜਿਸਦੀ ਲੋਭ ਕਸ਼ਾਇ ਕਾਰਨ ਬੁੱਧੀ ਭਰਿੱਸ਼ਟ ਹੋ ਗਈ ਹੈ, ਉਹ ਪੁਰਸ਼ ਆਪਣੇ ਜੀਵਨ ਦੀ ਆਸ ਛੱਡ ਕੇ ਖ਼ਤਰਨਾਕ ਸ਼ੇਰ, ਚੀਤਿਆਂ, ਹਾਥੀ, ਸੱਪ ਆਦਿ ਨਾਲ ਭਰਪੂਰ ਜੰਗਲ ਵਿਚ ਘੁੰਮਦੇ ਹਨ। ਉਹ ਬੇਖੌਫ ਘੁੰਮਦੇ ਹਨ। ਜਿਸ ਦੇਸ਼ ਵਿਚ ਜਾਣ ਦਾ ਰਾਹ ਬਹੁਤ ਔਖਾ ਹੈ, ਲੋਭੀ ਉੱਥੇ ਜਾਣ ਲਈ ਤਿਆਰ ਰਹਿੰਦਾ ਹੈ।

ਲੋਭੀ ਮਨੁੱਖ ਅਥਾਹ ਡੂੰਘੇ ਅਤੇ ਜਲਚਰ ਜੀਵਾਂ ਨਾਲ ਭਰੇ ਸਮੁੰਦਰ ਵਿਚ ਜ਼ਿੰਦਗੀ ਦੀ ਆਸ ਛੱਡ ਕੇ ਪਹੁੰਚ ਜਾਂਦਾ ਹੈ।

ਲੋਭ ਕਾਰਨ ਮਨੁੱਖ ਖੇਤੀ, ਨੌਕਰੀ ਕਰਦਾ ਹੈ। ਜਿੱਥੇ ਹਾਥੀ ਦੀਆਂ ਘੰਟੀਆਂ ਟਕਰਾ ਰਹੀਆਂ ਹਨ, ਜਿੱਥੇ ਆਉਣਾ ਜਾਣਾ ਔਖਾ ਹੈ, ਉਸ ਯੁੱਧ ਭੂਮੀ ਵਿਚ ਯੁੱਧ ਲਈ ਜਾਂਦਾ ਹੈ। ਇਹ ਸਭ ਕੰਮ (ਖੇਤੀ, ਨੌਕਰੀ, ਸੈਨਿਕ) ਲੋਭ ਕਸ਼ਾਇ ਕਾਰਨ ਕਰਦਾ ਹੈ। ਕਸ਼ਾਇ ਕਾਰਨ ਇਹ ਕੰਮ ਮਹਾਂ ਪਾਪ ਹੋ ਜਾਂਦੇ ਹਨ। ਹੇ ਤਰਨਹਾਰ ਜੀਵੋ ! ਇਹ ਲੋਭ ਕਸ਼ਾਇ ਜੀਵਾਂ ਦਾ ਬੁਰਾ ਕਰਨ ਵਿਚ ਦੋਸਤ ਦੀ ਤਰ੍ਹਾਂ ਕੰਮ ਕਰਦਾ ਹੈ। ਬੁਰੀ ਸੰਗਤ ਵਿਚ ਲਿਜਾਣ ਵਿਚ ਵੀ ਇਹ ਕਸ਼ਾਇ ਦੋਸਤ ਹੈ।

(56)

ਲੋਭ ਕਸ਼ਾਇ ਦਾ ਤਿਆਗ ਕਰੋ। ਮਿਥਿਆਤਵ ਮੋਹ ਰੂਪ ਜ਼ਹਿਰੀਲੇ ਦਰਖ਼ਤ ਦੀ ਜੜ੍ਹ ਨੂੰ ਪੁੰਨ ਰੂਪੀ ਜਲ ਨਾਲ ਭਰੇ ਸਮੁੰਦਰ ਨੂੰ ਘੜੇ ਵਿਚ ਪਾਏ ਪਾਣੀ ਦੀ ਤਰ੍ਹਾਂ ਕਰ ਦਿੰਦਾ ਹੈ, ਕਰੋਧ ਰੂਪੀ ਅੱਗ ਨੂੰ ਭੜਕਾਉਣ ਵਿਚ ਲੱਕੜੀ ਤੇ ਘਾਹ ਦੀ ਤਰ੍ਹਾਂ ਹੈ, ਸੂਰਜ ਦੀ ਕਿਰਨ ਨੂੰ ਢਕਣ ਵਿਚ ਬੱਦਲ ਦੀ ਤਰ੍ਹਾਂ ਹੈ, ਝਗੜੇ ਦੇ ਖੇਡਣ ਦੀ ਥਾਂ ਹੈ, ਵਿਵੇਕ ਰੂਪੀ ਚੰਦਰਮਾ ਦਾ ਨਾਸ਼ ਕਰਨ ਵਿਚ ਇਹ ਲੋਭ ਰਾਹੂ ਦੀ ਤਰ੍ਹਾਂ ਹੈ, ਕਸ਼ਟ ਰੂਪੀ ਨਦੀਆਂ ਨੂੰ ਧਾਰਨ ਕਰਨ ਵਾਲਾ ਇਹ ਲੋਭ ਸਮੁੰਦਰ ਦੀ ਤਰ੍ਹਾਂ ਹੈ, ਇਹ ਸਭ ਦਰਸ਼ਨ ਲੋਭ ਕਸ਼ਾਇ ਵਿਚ ਪਾਏ ਜਾਂਦੇ ਹਨ। ਇਸ ਲਈ ਮਨ ਵਿਚ ਵਿਵੇਕ ਲਿਆ ਕੇ ਪਾਪ ਬੰਧ ਦੇ ਕਾਰਨ ਲੋਭ ਕਸ਼ਾਇ ਨੂੰ ਛੱਡ ਦੇਵੋ।

(57)

ਲੋਭ ਕਸ਼ਾਇ ਰੂਪੀ ਅੱਗ ਵਿਚ ਉੱਤਮ ਖਿਮਾ ਆਦਿ ਗੁਣਾਂ ਦਾ ਸਮੂਹ ਪਤੰਗੇ ਦੀ ਤਰ੍ਹਾਂ ਨਸ਼ਟ ਹੋ ਜਾਂਦਾ ਹੈ। ਸਾਰੇ ਧਰਮ ਰੂਪੀ ਜੰਗਲ ਨੂੰ ਜਲਾ ਕੇ ਇਹ ਅੱਗ ਫੈਲ ਜਾਂਦੀ ਹੈ। ਲੋਭ ਕਸ਼ਾਇ ਕਾਰਨ ਬੇਇੱਜ਼ਤੀ ਦਾ ਧੂੰਆਂ ਫੈਲ ਜਾਂਦਾ ਹੈ। ਅਤਿਸ਼ੈ (ਚਮਤਕਾਰ) ਦੀ ਤਰ੍ਹਾਂ ਜਿਵੇਂ ਜਿਵੇਂ ਧਨ ਦੀ ਪ੍ਰਾਪਤੀ ਹੁੰਦੀ ਹੈ, ਤਿਵੇਂ ਤਿਵੇਂ ਇਹ ਲੋਭ ਕਸ਼ਾਇ ਦੀ ਅੱਗ ਫੈਲਦੀ ਜਾਂਦੀ ਹੈ। ਉਸ ਵਧਦੀ ਅੱਗ ਵਿਚ ਜੀਵਾਂ ਦੇ ਸਭ

ਗੁਣ ਨਸ਼ਟ ਹੋ ਜਾਂਦੇ ਹਨ। ਅਜਿਹਾ ਜਾਣ ਕੇ ਲੋਭ ਛੱਡੋ ਅਤੇ ਸੰਤੋਖ ਨੂੰ ਧਾਰਨ ਕਰੋ।

(58)

<u>ਸੰਤੋਖ ਦਾ ਫਲ</u> :

ਜੋ ਤਰਨਹਾਰ ਜੀਵ ਤ੍ਰਿਸ਼ਨਾ (ਇੱਛਾ) ਨੂੰ ਛੱਡ ਕੇ ਸੰਤੋਸ਼ ਧਾਰਨ ਕਰਦਾ ਹੈ, ਉਸ ਦੇ ਸਾਹਮਣੇ (ਘਰ ਵਿਚ) ਕਲਪ ਬ੍ਰਿਖ ਉਗ ਜਾਂਦਾ ਹੈ। ਕਾਮਧੇਨੂੰ ਗਾਂ ਘਰ ਵਿਚ ਆ ਜਾਂਦੀ ਹੈ, ਉਨ੍ਹਾਂ (ਸੰਤੋਖੀ ਜੀਵਾਂ) ਦੇ ਹੱਥ ਵਿਚ ਚਿੰਤਾਮਣੀ ਰਤਨ ਹੈ, ਸੰਸਾਰ ਨੂੰ ਉਹ ਜੀਵ ਜ਼ਰੂਰ ਹੀ ਵੱਸ ਵਿਚ ਕਰ ਲੈਂਦੇ ਹਨ, ਸਵਰਗ ਤੇ ਮੋਕਸ਼ ਦੇ ਸੁੱਖ ਆਰਾਮ ਨਾਲ ਪ੍ਰਾਪਤ ਹੋ ਜਾਂਦੇ ਹਨ। ਇਹ ਸੰਤੋਖ ਸੰਪੂਰਨ ਦੋਸ਼ਾਂ ਨੂੰ ਜਲਾਉਣ ਵਿਚ ਬੱਦਲਾਂ ਦੀ ਤਰ੍ਹਾਂ ਹੈ, ਜਿਵੇਂ ਜਦੋਂ ਮੀਂਹ ਪੈਂਦਾ ਹੈ ਤਾਂ ਵਿਸਥਾਰ ਵਿਚ ਫੈਲੀ ਅੱਗ ਦੀ ਲਾਟ ਖ਼ਤਮ ਹੋ ਜਾਂਦੀ ਹੈ, ਉਸੇ ਪ੍ਰਕਾਰ ਸ਼ੋਚ (ਸੰਤੋਸ਼) ਨੂੰ ਸਮਝਣਾ ਚਾਹੀਦਾ ਹੈ। ਇਸ ਲਈ ਤ੍ਰਿਸ਼ਨਾ ਦਾ ਤਿਆਗ ਕਰਕੇ ਸੰਤੋਖ ਨੂੰ ਧਾਰਨ ਕਰੋ।

(59)

ਗੁੱਸੇ ਹੋਏ ਸੱਪ ਦੇ ਮੂੰਹ ਵਿਚ ਹੱਥ ਦੇਣਾ ਚੰਗਾ ਹੈ। ਬਲਦੀ ਅੱਗ ਵਿਚ ਮਰ ਜਾਣਾ ਬੇਹਤਰ ਹੈ। ਸੂਲੀ ਤੇ ਚੜ੍ਹ ਜਾਣਾ ਚੰਗਾ ਹੈ। ਸ਼ੇਰ ਦਾ ਭੋਜਨ ਬਣ ਕੇ ਉਸ ਦੇ ਪੇਟ ਵਿਚ ਜਾਣਾ ਚੰਗਾ ਹੈ। ਪੰਡਿਤ ਆਤਮਾ ਨੂੰ ਨੀਚ ਭਾਵ ਲੈ ਕੇ ਆਉਣਾ ਚੰਗਾ ਨਹੀਂ। ਮਾੜੇ ਵਿਚਾਰ ਆਤਮਾ ਦੀ ਮੁਸੀਬਤਾਂ ਦਾ ਘਰ ਹਨ।

(60)

ਸੱਜਣਤਾ ਹੀ ਮਨੁੱਖ ਦੀ ਇੱਜ਼ਤ ਵਿਚ ਵਾਧਾ ਕਰਦੀ ਹੈ। ਆਤਮਾ ਕਲਿਆਣ, ਜਨਮ ਮਰਨ ਦਾ ਖ਼ਾਤਮਾ ਕਰਕੇ ਨਿਰਵਾਣ ਸੁੱਖ ਦਿੰਦੀ ਹੈ।

ਜੋ ਦੁਰਜਨ ਉਸ ਸੱਜਣਤਾ ਲਈ, ਦੁਰਜਨਤਾ ਨੂੰ ਬੁਲਾਉਂਦਾ ਹੈ, ਉਹ ਜੀਰੀ ਦੇ ਖੇਤ ਵਿਚ ਅੱਗ ਲਗਾਉਂਦਾ ਹੈ, ਉਸ ਹਰੇ ਭਰੇ

ਖੇਤ ਵਿਚ ਤਾਂ ਪਾਣੀ ਦੇਣ ਤੇ ਸਫਲ ਹੋਵੇਗੀ। ਇਸ ਲਈ ਖੇਤ ਵਿਚ ਅੱਗ ਲਗਾ ਕੇ ਫਸਲ ਦੀ ਇੱਛਾ ਕਰਨਾ ਦੁਰਬੁੱਧੀ ਹੈ।

(61-62)

ਸੱਜਣ ਜਾਂ ਪਰਉਪਕਾਰ ਕਰਨ ਦੀ ਜਿਨ੍ਹਾਂ ਦੀ ਇੱਛਾ ਹੈ, ਉਹਨਾਂ ਮਨੁੱਖਾਂ ਨੂੰ ਧਨ ਤੋਂ ਬਿਨਾਂ ਹੀ ਚੰਗਾ ਮੰਨਿਆ ਜਾਂਦਾ ਹੈ, ਠੱਗੀ, ਬੇਇਮਾਨੀ, ਚੋਰੀ ਕਰਕੇ ਇਕੱਠਾ ਕੀਤਾ ਲੱਖ-ਕਰੋੜ ਰੁਪਏ ਦੀ ਸੰਪਤੀ ਚੰਗੀ ਨਹੀਂ, ਕਿਉਂਕਿ ਅਜਿਹੇ ਸੰਗ੍ਰਹਿ ਵਿਚ ਬੇਇਮਾਨੀ ਦਾ ਸਹਾਰਾ ਲਿਆ ਗਿਆ ਹੈ। ਸਹਿਜ ਸੁਭਾਵ ਦੁਰਬਲਤਾ ਕਮਜ਼ੋਰੀ ਚੰਗੀ ਹੈ ਪਰ ਸਰੀਰ ਦੀ ਮੋਟਾਈ ਚੰਗੀ ਨਹੀਂ। ਜਦ ਕਰਮ ਫਲ ਜੀਵ ਨੂੰ ਮਿਲਣ ਦਾ ਸਮਾਂ ਆਵੇਗਾ ਤਾਂ ਅਜਿਹੇ ਬੇਇਮਾਨੀ ਬਹੁਤ ਦੁੱਖਾਂ ਨੂੰ ਦੇਣ ਵਾਲੀ ਹੋਵੇਗੀ। ਇਸ ਲਈ ਬੇਇਮਾਨੀ ਛੱਡਣ ਯੋਗ ਹੈ।

(63)

ਹੇ ਸੱਜਣ ਪੁਰਸ਼ੋ ! ਹਮੇਸ਼ਾ ਇਸ ਪ੍ਰਕਾਰ ਦੇ ਚਾਰਿੱਤਰ (ਜ਼ਿੰਦਗੀ) ਦੀ ਇੱਛਾ ਕਰੋ, ਜੋ ਦੂਸਰੇ ਦੇ ਦੋਸ਼ਾਂ ਨੂੰ ਨਾ ਪ੍ਰਗਟ ਕਰਦਾ ਹੋਵੇਗਾ। ਦੂਸਰੇ ਦੇ ਥੋੜ੍ਹੇ ਗੁਣਾਂ ਨੂੰ ਨਾ ਛੁਪਾਉਂਦਾ ਹੋਵੇ, ਸਗੋਂ ਛੋਟੇ ਛੋਟੇ ਗੁਣਾਂ ਦਾ ਗੁਣਗਾਨ ਕਰਦਾ ਹੋਵੇ। ਜੋ ਦੂਸਰੇ ਦੀ ਸੰਪਤੀ ਸਬੰਧੀ ਸੰਤੋਖ ਨੂੰ ਧਾਰਨ ਕਰਦੇ ਹਨ, ਦੂਸਰੇ ਦੇ ਦੁੱਖਾਂ ਵਿਚ ਸੋਚ ਨੂੰ ਧਾਰਨ ਕਰਦੇ ਹਨ। ਜੋ ਆਤਮ ਪ੍ਰਸੰਸਾ ਨਹੀਂ ਕਰਦੇ, ਵਿਨੇ (ਨਿਮਰਤਾ) ਨਹੀਂ ਛੱਡਦੇ, ਸ਼ਾਸਤਰ ਮਰਿਆਦਾ ਨਹੀਂ ਛੱਡਦੇ, ਕੌੜੇ ਵਚਨ ਨਹੀਂ ਆਖਦੇ, ਕਰੋਧ ਨਹੀਂ ਕਰਦੇ, ਇਸ ਪ੍ਰਕਾਰ ਸੱਜਣਾਂ ਦੇ ਗੁਣ ਹਨ।

(64)

ਜੋ ਭੈੜੀ ਬੁੱਧੀ ਵਾਲੇ ਪੁਰਸ਼ ਗੁਣਵਾਨਾਂ ਦੀ ਸੰਗਤ ਛੱਡ ਕੇ ਭਲਾਈ ਦੀ ਕਾਮਨਾ ਕਰਦਾ ਹੈ, ਉਹ ਮੂਰਖ ਦਿਆ ਛੱਡ ਕੇ ਪੁੱਨ ਦੀ ਇੱਛਾ ਕਰਦਾ ਹੈ। ਭਾਵ ਜਿਵੇਂ ਦਿਆ ਛੱਡ ਕੇ ਪੁੰਨ ਧਰਮ ਦੀ ਇੱਛਾ ਬੇਕਾਰ ਹੈ, ਉਸੇ ਪ੍ਰਕਾਰ ਗੁਣਵਾਨ ਦੀ ਸੰਗਤ ਬਿਨਾਂ ਆਤਮਾ ਦਾ ਉਪਕਾਰ ਨਹੀਂ ਹੋ ਸਕਦਾ। ਉਪਸ਼ਮਨ ਤੇ ਦਿਆਹੀਣ ਹੋਣ ਕੇ ਜੋ ਤਪ

ਕਰਨਾ ਚਾਹੁੰਦਾ ਹੈ, ਉਹ ਪ੍ਰਮਾਦ (ਅਣਗਹਿਲੀ) ਵਾਲ, ਧਨ ਦੀ ਇੱਛਾ ਕਰਦਾ ਹੈ। ਮੂਰਖ ਹੋ ਕੇ ਕਵਿਤਾ ਰਚਨ ਦੀ ਇੱਛਾ ਕਰਦਾ ਹੈ, ਥੋੜ੍ਹੀ ਬੁੱਧੀ ਹੋ ਕੇ ਸ਼ਾਸਤਰ ਗਿਆਨ ਦਾ ਵਿਦਵਾਨ ਬਣਨ ਦੀ ਇੱਛਾ ਕਰਦਾ ਹੈ, ਅੰਨ੍ਹਾ ਹੋ ਕੇ ਸਾਰੇ ਪਦਾਰਥ ਵੇਖਣ ਦੀ ਇੱਛਾ ਕਰਦਾ ਹੈ, ਚੰਚਲ ਚਿੱਤ ਹੋ ਕੇ ਧਿਆਨ ਦੀ ਇੱਛਾ ਕਰਦਾ ਹੈ (ਭਾਵ ਸਾਧ ਸੰਗਤ ਬਿਨਾਂ ਕੀਤੇ ਕੰਮ ਉਪਰੋਕਤ ਕੰਮਾਂ ਦੀ ਤਰ੍ਹਾਂ ਹਨ।)

(65)

ਮਨੁੱਖ ਨੂੰ ਉੱਤਮ ਪੁਰਸ਼ਾਂ ਦੀ ਸੰਗਤ ਨਾਲ ਕੀ ਕੁਝ ਨਹੀਂ ਮਿਲ ਸਕਦਾ ? ਭਾਵ ਸਤਿ ਸੰਗਤ ਨਾਲ ਸਭ ਕੁਝ ਮਿਲਦਾ ਹੈ। ਸਤਿ ਸੰਗਤ ਨਾਲ ਭੈੜੀ ਬੁੱਧੀ ਦਾ ਖ਼ਾਤਮਾ ਹੁੰਦਾ ਹੈ। ਮੋਹ ਤੇ ਮਿਥਿਆ ਦਰਸ਼ਨ (ਅਗਿਆਨ) ਦਾ ਖ਼ਾਤਮਾ ਹੁੰਦਾ ਹੈ। ਵਿਵੇਕ (ਸੰਜਮ) ਉਤਪੰਨ ਹੁੰਦਾ ਹੈ, ਸੰਤੋਸ਼ ਜਨਮ ਲੈਂਦਾ ਹੈ, ਨਿਆਂ ਦੀ ਉਤਪਤੀ ਹੁੰਦੀ ਹੈ, ਗੁਣਾਂ ਦੇ ਸਮੂਹ ਵਿਚ ਵਾਧਾ ਹੁੰਦਾ ਹੈ, ਵਿਨੈ ਆਦਿ ਗੁਣਾਂ ਦਾ ਵਿਸਥਾਰ ਹੁੰਦਾ ਹੈ, ਕੀਰਤੀ ਵਿਚ ਵਾਧਾ ਹੁੰਦਾ ਹੈ, ਨਰਕ ਤੇ ਪਸ਼ੂ ਜੂਨ ਦਾ ਨਾਸ਼ ਹੁੰਦਾ ਹੈ, ਆਤਮਾ ਨੂੰ ਧਰਮ ਦੀ ਪ੍ਰਾਪਤੀ ਹੁੰਦੀ ਹੈ।

(66)

ਹੇ ਮਨ ! ਜੇ ਤੂੰ ਬੁੱਧੀ ਦੇ ਸਮੂਹ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਦੁੱਖਾਂ ਨੂੰ ਦੂਰ ਕਰਨਾ ਚਾਹੁੰਦਾ ਹੈ, ਸੁੱਖ ਦੇ ਰਸਤੇ ਤੇ ਚੱਲਣਾ ਚਾਹੁੰਦਾ ਹੈ, ਯੱਸ਼ ਕੀਰਤੀ ਨੂੰ ਪ੍ਰਾਪਤ ਕਰਨ ਦੀ ਇੱਛਾ ਕਰਦਾ ਹੈ, ਬੇਇਮਾਨੀ ਨੂੰ ਛੱਡਣਾ ਚਾਹੁੰਦਾ ਹੈ, ਧਰਮ ਦੀ ਪ੍ਰਾਪਤੀ ਦੀ ਇੱਛਾ ਕਰਦਾ ਹੈ, ਪਾਪ ਕਰਮ ਦੇ ਫਲ ਨੂੰ ਰੋਕਣਾ ਚਾਹੁੰਦਾ ਹੈ, ਸਵਰਗ ਤੇ ਮੁਕਤੀ ਰੂਪੀ ਲੱਛਮੀ ਨੂੰ ਪ੍ਰਾਪਤ ਕਰਨ ਦਾ ਇੱਛੁਕ ਹੈ ਤਾਂ ਤੂੰ ਗੁਣਵਾਨ ਆਤਮਾਵਾਂ ਦੀ ਸ਼ਰਨ ਅੰਗੀਕਾਰ ਕਰ। ਇਸੇ ਨਾਲ ਤੈਨੂੰ ਉਪਰੋਕਤ ਵਸਤਾਂ ਪ੍ਰਾਪਤ ਹੋਣਗੀਆਂ।

(67)

ਜੋ ਮਨੁੱਖ ਅਵਗੁਣ ਵਾਲੇ ਮਨੁੱਖ ਦੀ ਸੰਗਤ ਕਰਕੇ ਆਤਮ ਕਲਿਆਣ ਦੀ ਇੱਛਾ ਕਰਦਾ ਹੈ, ਉਹ ਉਸੇ ਪ੍ਰਕਾਰ ਘਾਤ ਕਰਦਾ ਹੈ ਜਿਵੇਂ ਪਾਲਾ ਕਮਲਾਂ ਦਾ ਵਿਨਾਸ਼ ਕਰਦਾ ਹੈ, ਬੱਦਲ ਫਸਲਾਂ ਦਾ ਨਾਸ਼ ਕਰਦਾ ਹੈ, ਤੇਜ਼ ਹਨੇਰੀ ਦੀ ਤਰ੍ਹਾਂ ਹੈ। ਦਿਆ ਰੂਪੀ ਬਾਗ ਵਿਚ ਵਿਗੜੇ ਹਾਥੀ ਦੀ ਤਰ੍ਹਾਂ ਹੈ। ਕਲਿਆਣ ਰੂਪੀ ਪਹਾੜ, ਇੰਦਰ ਦਾ ਬੱਜਰ (ਹਥਿਆਰ) ਪੌਣ ਦੀ ਤਰ੍ਹਾਂ ਹੈ। ਅੱਗ ਵਿਚ ਬਾਲਣ ਦਾ ਕੰਮ ਕਰਦਾ ਹੈ। ਅਨਿਆ ਰੂਪੀ ਵੇਲ ਦੀ ਜੜ ਦੀ ਤਰ੍ਹਾਂ ਹੈ। ਅਨੀਤੀ ਦੀ ਜੜ੍ਹ ਹੈ। ਇਸ ਲਈ ਅਵਗੁਣ ਪੁਰਸ਼ਾਂ ਸੰਗਤ ਤੋਂ ਦੂਰ ਰਹੇ, ਨਹੀਂ ਤਾਂ ਉਸ ਦੀ ਆਤਮਾ ਦੀ ਸਥਿਤੀ ਉਪਰੋਕਤ ਆਖੇ ਅਨੁਸਾਰ ਹੋ ਸਕਦੀ ਹੈ।

(68)

ਹੇ ਸਾਧੂ ਪੁਰਸ਼ੋ ! ਤੁਸੀਂ ਇੰਦਰੀਆਂ ਦੇ ਸਮੂਹ (ਵਿਸ਼ੇ ਵਿਕਾਰਾਂ) ਨੂੰ ਜਿੱਤ ਕੇ ਮਹਾਨ ਬਣੋ। ਜੋ ਆਪਣੀ ਆਤਮਾ ਨੂੰ ਕੁਰਾਹੇ ਲਿਜਾਣ ਵਿਚ ਅੜੀਅਲ ਘੋੜੇ ਦੀ ਤਰ੍ਹਾਂ ਹਨ। ਕਰਨਯੋਗ ਅਤੇ ਨਾ ਕਰਨਯੋਗ ਕੰਮਾਂ ਦਾ ਵਿਵੇਕ ਮੁਤਾਬਿਕ ਜੀਵਨ ਦਾ ਵਿਨਾਸ਼ ਕਰਨ ਵਿਚ ਪੰਜ ਇੰਦਰੀਆਂ ਦੇ ਵਿਸ਼ੇ ਕਾਲੇ ਨਾਗ ਦੀ ਤਰ੍ਹਾਂ ਹਨ। ਭਾਵ ਜਿਵੇਂ ਸੱਪ ਦੇ ਕੱਟਣ ਤੇ ਜ਼ਹਿਰ ਚੜ੍ਹਨ ਨਾਲ ਪ੍ਰਾਣੀ ਬੇਹੋਸ਼ ਹੋ ਕੇ ਗਿਰ ਜਾਂਦਾ ਹੈ, ਉਸੇ ਪ੍ਰਕਾਰ ਪੰਜ ਇੰਦਰੀਆਂ ਦੇ ਵਿਸ਼ਿਆਂ ਵਿਚ ਲੱਗਾ ਪ੍ਰਾਣੀ ਵਿਸ਼ੇ ਭੋਗਾਂ ਵਿਚ ਬੇਹੋਸ਼ ਹੋ ਕੇ ਗਿਰ ਜਾਂਦਾ ਹੈ। ਇਹ ਵਿਸ਼ੇ ਭੋਗ ਪੁੰਨ ਰੂਪੀ ਦਰਖ਼ਤ ਦੇ ਟੁਕੜੇ ਟੁਕੜੇ ਕਰਨ ਵਿਚ ਕੁਲਹਾੜੀ ਦੀ ਤਰ੍ਹਾਂ ਕੰਮ ਕਰਦੇ ਹਨ। ਇਸ ਲਈ ਪੰਜ ਇੰਦਰੀਆਂ ਦੀ ਵਾਸਨਾ ਨੂੰ ਰੋਕ ਕੇ ਧਰਮ ਆਚਰਣ (ਵਰਤ) ਕਰਨਾ ਚਾਹੀਦਾ ਹੈ। ਜਿਸ ਧਰਮ (ਸੰਜਮ) ਨਾਲ ਵਿਸ਼ਿਆਂ ਤੇ ਅੰਕੁਸ਼ ਲੱਗੇ।

(69)

ਪੰਜ ਇੰਦਰੀਆਂ ਦੇ ਵਿਸ਼ਿਆਂ ਨੂੰ ਛੱਡਣ ਦਾ ਫਲ :

ਹੇ ਤਰਨਹਾਰ ਜੀਵੋ ! ਉਨ੍ਹਾਂ ਇੰਦਰੀਆਂ ਦੇ ਸਮੂਹ ਨੂੰ ਵੱਸ ਵਿਚ ਕਰੋ। ਇਹ ਇੰਦਰੀਆਂ ਦੇ ਸਮੂਹ ਕਿਹੜੇ ਤੱਤਾਂ ਦਾ ਨਾਂ ਹੈ, ਜੋ ਮਹਾਨਤਾ, ਵਿਸ਼ਵਾਸ ਦਾ ਖ਼ਾਤਮਾ ਕਰਦਾ ਹੈ, ਨਿਆਂ ਦਾ ਨਾਸ਼ ਕਰਦਾ ਹੈ, ਬੁੱਧੀ ਨੂੰ ਨਾ ਕਰਨਯੋਗ ਕੰਮ ਵੱਲ ਲੈ ਜਾਂਦਾ ਹੈ, ਮਿੱਥਿਆ (ਗਲਤ) ਧਾਰਨਾਵਾਂ ਪ੍ਰਤੀ ਪ੍ਰੇਮ ਪੈਦਾ ਕਰਦਾ ਹੈ, ਵਿਵੇਕ ਦੇ ਪੈਦਾ ਹੋਣ ਦਾ ਖ਼ਾਤਮਾ ਕਰਦਾ ਹੈ, ਕਸ਼ਟਾਂ ਤੇ ਦੋਸ਼ਾਂ ਦਾ ਘਰ ਹੈ, ਇਸ ਲਈ ਇੰਦਰੀਆਂ ਤੇ ਕਾਬੂ ਪਾਉਣਾ ਚਾਹੀਦਾ ਹੈ।

(70)

ਹੇ ਸਾਧੂ ! ਤੂੰ ਮੌਨ (ਚੁੱਪ) ਧਾਰਨ ਕਰਕੇ ਘਰ ਨੂੰ ਛੱਡ ਦੇ। ਗ੍ਰਹਿਣ ਕਰਨਯੋਗ ਜੋ ਯੋਗਤਾ ਹੈ, ਉਨ੍ਹਾਂ ਦਾ ਅਭਿਆਸ ਕਰ। ਜੰਗਲ ਵਿਚ ਘੁੰਮੋ। ਜਿਨੇਂਦਰ ਪ੍ਰਮਾਤਮਾ ਰਾਹੀਂ ਫੁਰਮਾਏ ਸ਼ਾਸਤਰਾਂ ਦਾ ਅਧਿਐਨ ਕਰ। ਤਪੱਸਿਆ ਕਰ। ਇੰਦਰੀਆਂ ਨੂੰ ਜਿੱਤਣ ਦੀ ਕੋਸ਼ਿਸ਼ ਕਰ। ਜੇ ਇਨ੍ਹਾਂ ਇੰਦਰੀਆਂ ਦੇ ਵਿਸ਼ੇ ਨੂੰ ਅਧੀਨ ਕੀਤੇ ਬਿਨਾਂ ਜੋ ਵੀ ਕੰਮ ਕਰੋਗੇ, ਉਸ ਦਾ ਹਾਲ ਸੁਆਹ ਵਿਚ ਪਾਈ ਆਹੂਤੀ ਵਰਗਾ ਹੋਵੇਗਾ।

ਜਿਸ ਪ੍ਰਕਾਰ ਜੰਗਲ ਵਿਚ ਇੱਕ ਜਗ੍ਹਾ ਅੱਗ ਲੱਗ ਜਾਵੇ ਅਤੇ ਤੇਜ ਹਵਾ ਦੇ ਸੁਮੇਲ ਵਿਚ ਇਹ ਅੱਗ ਸਾਰੇ ਜੰਗਲ ਵਿਚ ਫੈਲ ਕੇ ਜੰਗਲ ਨੂੰ ਨਸ਼ਟ ਕਰ ਦਿੰਦੀ ਹੈ, ਉਸੇ ਤਰ੍ਹਾਂ ਪੰਜ ਇੰਦਰੀਆਂ ਦੇ ਵਿਸ਼ੇ ਤੇ ਕਾਬੂ ਪਾਏ ਬਿਨਾਂ ਸਾਰੇ ਧਰਮ ਕਰਮ ਬੇਕਾਰ ਹਨ।

(71)

ਪੰਜ ਇੰਦਰੀਆਂ ਦੇ ਵਿਸ਼ਿਆਂ ਨੂੰ ਵੱਸ਼ ਨਾ ਕਰਨ ਵਾਲੇ ਆਪਣੀ ਆਤਮਾ ਦਾ ਬੁਰਾ ਕਰਦੇ ਹਨ। ਉਹ ਇੰਦਰੀਆਂ ਦੀ ਵਿਸ਼ੇ ਸ਼ਕਤੀ, ਧਰਮ ਰੂਪੀ ਧੁਰੀ ਦਾ ਨਾਸ਼ ਕਰਨ ਵਾਲੀ ਹੈ, ਜੋ ਗਿਆਨ ਆਦਿ ਗੁਣਾਂ ਨੂੰ ਢਕਣ ਵਾਲੀ ਹੈ। ਕਸ਼ਟਾਂ ਦੀ ਪਰੰਪਰਾ ਵਿਚ ਵਿਸਥਾਰ

ਕਰਨ ਵਾਲੀ ਹੈ। ਦੁੱਖਾਂ ਨੂੰ ਪੈਦਾ ਕਰਨ ਦੀ ਕਲਾ ਵਿਚ ਮਾਹਿਰ ਹੈ, ਇੱਕ ਤਰ੍ਹਾਂ ਨਾਲ ਸਰਬ ਭਖਸ਼ੀ ਹੈ, ਆਪਣੀ ਆਤਮਾ ਲਈ ਹਿੱਤਕਾਰੀ ਨਹੀਂ। ਅਨਿਆਂ ਦੀ ਸਾਥੀ ਹੈ, ਕਾਮ ਭੋਗਾਂ ਵਿਚ ਮਨਮਾਨੀ ਕਰਨ ਵਾਲਿਆਂ ਲਈ ਗਲਤ ਰਾਹ ਤੇ ਚਲਾਉਣ ਵਿਚ ਕਲੇਵਾ ਦੀ ਤਰ੍ਹਾਂ ਹੈ। ਇਸ ਲਈ ਪੰਜ ਇੰਦਰੀਆਂ ਦੇ ਵਿਸ਼ੇ ਸਮੂਹ ਨੂੰ ਜਿੱਤਣ ਵਾਲੇ ਜੀਵ ਦੁੱਖ ਉਠਾਉਂਦੇ ਹਨ। ਸੋ ਕਾਮ ਭੋਗ ਜਿੱਤਣੇ ਚਾਹੀਦੇ ਹਨ।

(72-73)

ਧਨ (ਲੱਛਮੀ) ਦਾ ਸੁਭਾਅ :

ਲੱਛਮੀ (ਧਨ) ਨੀਚ ਲੋਕਾਂ ਲਈ ਨਦੀ ਦੀ ਤਰ੍ਹਾਂ ਹੇਠਾਂ ਨੂੰ ਵਹਿੰਦੀ ਹੈ ਅਤੇ ਗਿਆਨ ਦਾ ਨਾਸ਼ ਕਰਦੀ ਹੈ, ਜਿਵੇਂ ਨੀਂਦ

ਆਉਣ ਤੇ ਵਿਵੇਕ ਨਹੀਂ ਰਹਿੰਦਾ, ਇਹ ਧਨ ਵੀ ਹੰਕਾਰ ਵਿਚ ਵਾਧਾ ਕਰਦਾ ਹੈ। ਜਿਵੇਂ ਸ਼ਰਾਬੀ ਖੁਦ ਨੂੰ ਭੁੱਲ ਕੇ ਨਸ਼ੇ ਵਿਚ ਡੁੱਬ ਜਾਂਦਾ ਹੈ, ਉਸੇ ਪ੍ਰਕਾਰ ਧਨ ਮਨੁੱਖ ਨੂੰ ਅੰਨਾ ਕਰਦਾ ਹੈ। ਲੱਛਮੀ ਧੂੰਏਂ ਦੀ ਤਰ੍ਹਾਂ ਚੰਚਲਤਾ ਪੈਦਾ ਕਰਦੀ ਹੈ। ਬਿਜਲੀ ਦੀ ਤਰ੍ਹਾਂ ਚੰਚਲ ਹੈ।

ਇਹ ਲੱਛਮੀ ਤ੍ਰਿਸ਼ਨਾ ਵਿਚ ਵਾਧਾ ਕਰਦੀ ਹੈ, ਜਿਸ ਤਰ੍ਹਾਂ ਜੰਗਲ ਦੀ ਅੱਗ ਵਿਚ ਵਾਧਾ ਹੁੰਦਾ ਹੈ, ਉਹ (ਮਨੁੱਖ) ਲਾਲਚੀ ਬਣ ਜਾਂਦਾ ਹੈ। ਇਹ ਲੱਛਮੀ ਆਪਣੀ ਇੱਛਾ ਅਨੁਸਾਰ ਘੁੰਮਦੀ ਹੈ, ਜਿਵੇਂ ਦੁਰਾਚਾਰੀ ਔਰਤ ਜਾਂ ਵੇਸ਼ਿਆ ਇੱਕ ਦੀ ਨਹੀਂ ਹੁੰਦੀ, ਉਸੇ ਤਰ੍ਹਾਂ ਲੱਛਮੀ ਇਕ ਦੀ ਨਹੀਂ ਬਣਦੀ। ਇਹੋ ਧਨ ਦੀ ਦੇਵੀ ਦਾ ਸੁਭਾਵ ਹੈ।

(74)

ਇਸ ਧਨ ਨੂੰ ਧਿਕਾਰ ਹੈ, ਜੋ ਬਹੁਤ ਲੋਕਾਂ ਨੂੰ ਆਪਣੇ ਅਧੀਨ ਬਣਾ ਰਿਹਾ ਹੈ। ਸਗੇ ਸਬੰਧੀ ਇਸ ਨੂੰ ਪ੍ਰਾਪਤ ਕਰਨ ਵਿਚ ਇੰਝ ਲੱਗੇ ਹਨ ਜਿਵੇਂ ਚੋਰਾਂ ਦਾ ਝੁੰਡ ਚੋਰੀ ਵਿਚ ਲੱਗਾ ਹੋਵੇਗ। ਫਿਰ

ਰਾਜੇ ਇਸ ਧਨ ਨੂੰ ਛਲ ਨਾਲ, ਕਪਟ ਨਾਲ ਲੋਕਾਂ ਤੋਂ ਖੋਹ ਲੈਂਦੇ ਹਨ।

ਇਸ ਧਨ ਨੂੰ ਇੱਕ ਪਲ ਵਿਚ ਅੱਗ ਸੁਆਹ ਕਰ ਦਿੰਦੀ ਹੈ। ਪਾਣੀ ਵਹਾ ਕੇ ਲੈ ਜਾਂਦਾ ਹੈ, ਜ਼ਮੀਨ ਵਿਚ ਰੱਖੇ ਧਨ ਨੂੰ ਜ਼ਮੀਨ ਦੇ ਦੇਵਤੇ ਨਿਗਲ ਜਾਂਦੇ ਹਨ। ਦੁਰਾਚਾਰੀ ਪੁੱਤਰ ਤੇ ਪੋਤੇ ਕਾਰਨ ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ।

ਜਿਸ ਧਨ ਦੀ ਹਾਲਤ ਇਹ ਹੈ ਉਹ ਕਿਸੇ ਨੂੰ ਸੁੱਖ ਕਿਸ ਤਰ੍ਹਾਂ ਦੇਣ ਦਾ ਕਾਰਨ ਬਣ ਸਕਦਾ ਹੈ ?

(75)

ਚਾਲਾਕ ਮਨੁੱਖ ਪੈਸੇ ਦੀ ਇੱਛਾ ਰੱਖਣ ਕਾਰਨ ਕਿਹੜੇ ਕਿਹੜੇ ਕਸ਼ਟ ਨਹੀਂ ਪਾਉਂਦਾ ? ਭਾਵ ਸਭ ਦੁੱਖਾਂ ਨੂੰ ਸਹਿਣ ਕਰਦਾ ਹੈ। ਧਨ ਪ੍ਰਾਪਤੀ ਲਈ ਉਹ ਨੀਚ ਮਨੁੱਖ ਨਾਲ ਚਤੁਰਾਈ ਨਾਲ ਪਿਆਰ ਭਰੇ ਵਚਨ ਕਾਫੀ ਸਮੇਂ ਬੋਲਦਾ ਹੈ। ਨੀਚ ਦੁਰਾਚਾਰੀ ਮਨੁੱਖਾਂ ਨੂੰ ਪ੍ਰਣਾਮ ਕਰਦਾ ਹੈ।

ਅਜਿਹਾ ਮਨੁੱਖ ਗੁਣ ਰਹਿਤ ਮਨੁੱਖ ਦੀ ਤੇ ਦੁਸ਼ਮਣਾਂ ਦੀ ਪ੍ਰਸੰਸਾ ਤੇ ਗੁਣਗਾਨ ਕਰਦਾ ਹੈ। ਉਪਕਾਰ ਨੂੰ ਭੁੱਲਣ ਵਾਲਿਆਂ ਦੀ ਸੇਵਾ ਕਰਨ ਵਿਚ ਸ਼ਰਮ ਮਹਿਸੂਸ ਨਹੀਂ ਕਰਦਾ। ਇਹ ਸਭ ਕੰਮ ਧਨ ਦੇ ਲੋਭ ਕਾਰਨ ਜੀਵ ਕਰਦਾ ਹੈ।

(76)

ਧਨ ਦਾ ਸੁਭਾਵ :

ਲੱਛਮੀ ਨੀਚ ਪੁਰਸ਼ਾਂ ਵੱਲ ਜਾਂਦੀ ਹੈ, ਜਿਸ ਪ੍ਰਕਾਰ ਪਾਣੀ ਦਾ ਵਹਾਅ ਸਮੁੰਦਰ ਵੱਲ ਜਾਂਦਾ ਹੈ, ਉਸੇ ਪ੍ਰਕਾਰ ਲੱਛਮੀ ਵਹਿੰਦੀ ਹੈ। ਇਹ ਕਿਸੇ ਵੀ ਥਾਂ ਤੇ ਨਹੀਂ ਠਹਿਰਦੀ। ਜਿਸ ਪ੍ਰਕਾਰ ਕਮਲ ਦਾ ਮੇਲ ਹੋਣ ਉਸ ਦੀ ਨਾਲ ਵਿਚ ਕੰਡੇ ਹੁੰਦੇ ਹਨ, ਪੈਰ ਵਿਚ ਚੁਭੇ ਕੰਡੇ ਜਿਵੇਂ ਪ੍ਰੇਸ਼ਾਨ ਕਰਦੇ ਹਨ, ਇਸੇ ਪ੍ਰਕਾਰ ਲੱਛਮੀ ਇੱਕ ਥਾਂ ਤੇ ਨਹੀਂ

ਠਹਿਰਦੀ। ਇਹ ਲੱਛਮੀ ਮਨੁੱਖ ਦੇ ਸੱਚੇ ਗਿਆਨ ਦਾ ਛੇਤੀ ਖ਼ਾਤਮਾ ਕਰ ਦਿੰਦੀ ਹੈ। ਜਿਵੇਂ ਜ਼ਹਿਰ ਸਰੀਰ ਦਾ ਖ਼ਾਤਮਾ ਕਰਦਾ ਹੈ।

ਲੱਛਮੀ ਦਾ ਪਿਤਾ ਸਮੁੰਦਰ ਹੈ ਅਤੇ ਜ਼ਹਿਰ ਦਾ ਪਿਤਾ ਵੀ ਸਮੁੰਦਰ। ਦੋਵੇਂ ਸਕੇ ਭੈਣ ਭਰਾ ਹਨ।

ਗੁਣਵਾਨਾਂ ਨੂੰ ਚਾਹੀਦਾ ਹੈ ਕਿ ਲੱਛਮੀ ਦਾ ਖ਼ਰਚ ਧਰਮ ਸਥਾਨ ਦੇ ਬਣਾਉਨ ਵਿਚ ਕਰਨ, ਇਹ ਹੀ ਲੱਛਮੀ ਦਾ ਫਲ ਹੈ। ਧਰਮ ਦੇ ਕੰਮ ਵਿਚ ਲੱਗੀ ਲੱਛਮੀ (ਧਨ) ਪੁੰਨ ਦਾ ਕਾਰਨ ਹੈ।

(77)

ਦਾਨ ਮਹਿਮਾ :

ਜੋ ਧਨ ਇਮਾਨਦਾਰੀ ਨਾਲ ਕਮਾਇਆ ਗਿਆ ਹੈ, ਉਸ ਵਿਚੋਂ ਸਾਧੂ, ਸਾਧਵੀ, ਸ਼੍ਰਾਵਕ, ਸ਼੍ਰਾਵਿਕਾ, ਅਜਿਹੇ ਸੁਪਾਤਰ ਹਨ, ਦੇਸ਼ ਚਾਰਿੱਤਰ (ਸ਼੍ਰਾਵਕ ਵਰਤੀ) ਤੇ ਸ਼ਕਲ ਚਾਰਿੱਤਰ (ਮਹਾਂਵਰਤੀ) ਦੇ ਵਾਧੇ ਲਈ ਜੋ ਧਨ ਦਿੱਤਾ ਜਾਂਦਾ ਹੈ, ਉਹ ਵਿਨੈ ਗੁਣ ਵਿਚ ਵਾਧਾ ਕਰਦਾ ਹੈ। ਗਿਆਨ ਦੇ ਵਿਕਾਸ ਦਾ ਕਾਰਨ ਬਣਦਾ ਹੈ। ਉਪਸ਼ਮ (ਕਰਮ ਖ਼ਾਤਮਾ) ਦਾ ਕਾਰਨ ਬਣਦਾ ਹੈ। ਆਗਮ ਦੇ ਸਵਾਧਿਆਇ ਨੂੰ ਬਲ ਦਿੰਦਾ ਹੈ, ਪੁੰਨ ਪੈਦਾ ਕਰਦਾ ਹੈ, ਪਾਪ ਨੂੰ ਖ਼ਤਮ ਕਰਦਾ ਹੈ, ਸਵਰਗ ਦੇਣ ਵਾਲਾ ਹੈ, ਮੋਕਸ਼ ਦੇਣ ਵਾਲਾ ਹੈ।

(78)

ਜੋ ਮਨੁੱਖ ਉੱਤਮ, ਮੱਧਮ ਤੇ ਨੀਚ ਪਾਤਰਾਂ ਨੂੰ ਦਾਨ ਦਿੰਦਾ ਹੈ, ਉਹ ਮਨੁੱਖ ਦੀ ਗਰੀਬੀ ਦਾ ਖ਼ਾਤਮਾ ਸਹਿਜ ਹੋ ਜਾਂਦਾ ਹੈ। ਪਾਪ ਕਰਮ ਦਾ ਪ੍ਰਭਾਵ ਮਾੜਾ ਭਾਗ ਪੈਦਾ ਨਹੀਂ ਹੁੰਦਾ, ਉਸ ਦੀ ਮਸ਼ਹੂਰੀ ਫੈਲਦੀ ਹੈ, ਬੇਇੱਜ਼ਤੀ ਨਹੀਂ ਹੁੰਦੀ, ਰੋਗ, ਪੀੜ, ਕਸ਼ਟ ਨਹੀਂ ਆਉਂਦੇ, ਗਰੀਬੀ ਪੈਦਾ ਨਹੀਂ ਹੁੰਦੀ, ਡਰ, ਕਸ਼ਟ ਪ੍ਰਗਟ ਨਹੀਂ ਹੁੰਦਾ। ਦਾਨ ਦੇ ਪ੍ਰਭਾਵ ਨਾਲ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ। ਧਨ ਵਿਚ ਵਾਧਾ ਹੁੰਦਾ

ਹੈ। ਭਾਵ ਆਦਮੀ ਜਿਉਂ ਜਿਉਂ ਦਾਨ ਕਰਦਾ ਹੈ, ਤਿਉਂ ਤਿਉਂ ਧਨ ਵਿਚ ਵਾਧਾ ਹੁੰਦਾ ਹੈ।

(79)

ਜੋ ਮਨੁੱਖ ਸੁਪਾਤਰ ਨੂੰ ਦਾਨ ਦਿੰਦਾ ਹੈ, ਉਸ ਪੁਰਸ਼ ਨੂੰ ਲੱਛਮੀ ਵੀ ਚਾਹੁੰਦੀ ਹੈ। ਬੁੱਧੀ ਉਸ ਦੀ ਖੋਜ ਕਰਦੀ ਹੈ। ਯੱਸ਼ ਤੇ ਵਿਸ਼ਵਾਸ ਉਸ ਨੂੰ ਚੁੰਮਦੇ ਹਨ। ਸੁਭਾਅ ਉਸ ਦੀ ਸੇਵਾ ਕਰਦਾ ਹੈ। ਉਸ ਨੂੰ ਰੋਗ ਨਹੀਂ ਆਉਂਦਾ। ਸਿਹਤ ਉਸ ਲਈ ਬਾਹਾਂ ਪਸਾਰਦੀ ਹੈ। ਉਸ ਕੋਲ ਕਲਿਆਣ, ਸਵਰਗ ਦੀ ਪਰੰਪਰਾ ਆਉਂਦੀ ਹੈ। ਮੋਕਸ਼ ਰੂਪੀ ਅਸਲ ਲੱਛਮੀ ਉਸ ਦੀ ਇੱਛਾ ਕਰਦੀ ਹੈ।

(80)

ਜੋ ਮਨੁੱਖ ਨਿਆ (ਹੱਕ) ਨਾਲ ਕਮਾਏ ਧਨ ਰੂਪੀ ਬੀਜ ਨੂੰ ਸਤ ਖੇਤਰਾਂ (ਸਾਧੂ, ਸਾਧਵੀ, ਸ਼੍ਰਾਵਕ, ਸ਼੍ਰਾਵਿਕਾ, ਜੈਨ ਮੰਦਿਰ, ਜੈਨ ਮੂਰਤੀ, ਸ਼ਾਸਤਰ ਪ੍ਰਕਾਸ਼ਨ) ਵਿਚ ਬੀਜਦਾ ਹੈ, ਉਸ ਪੁਰਸ਼ ਕੋਲ ਸਮਾਧੀ (ਸੱਮਿਅਕ ਗਿਆਨ, ਸੱਮਿਅਕ ਦਰਸ਼ਨ, ਸੱਮਿਅਕ ਚਾਰਿੱਤਰ) ਕਰੀਬ ਆਉਂਦੇ ਹਨ। ਮਸ਼ਹੂਰੀ ਉਸ ਦੀ ਦਾਸੀ ਬਣਦੀ ਹੈ, ਧਨ ਉਸ ਨੂੰ ਮਿਲਣ ਲਈ ਭਾਲਦਾ ਹੈ। ਉਸ ਦੀ ਬੁੱਧੀ ਚਿਕਨੀ (ਤੇਜ) ਹੋ ਜਾਂਦੀ ਹੈ। ਚੱਕਰਵਰਤੀ ਦੀ ਸੰਪਤੀ ਉਸ ਪਾਸ ਆਪਣੇ ਆਪ ਆਉਂਦੀ ਹੈ। ਉਹ ਮਨੁੱਖ ਸਵਰਗ ਦੇ ਸੁੱਖਾਂ ਨੂੰ ਆਪਣੇ ਲੋਕਾਂ ਵਿਚ ਪ੍ਰਾਪਤ ਕਰਦਾ ਹੈ। ਸ਼ਕਤੀ ਰੂਪੀ ਇਸਤਰੀ, ਭੋਗ ਇਸਤਰੀ ਦੀ ਤਰ੍ਹਾਂ ਅਜਿਹੇ ਪੁਰਸ਼ ਦੀ ਲਾਲਸਾ ਕਰਦੀ ਹੈ।

(81)

ਤਪ ਦਾ ਸਵਰੂਪ ਅਤੇ ਫਲ :

ਜੋ ਇੱਛਾਵਾਂ ਰਹਿਤ ਹੈ ਅਤੇ ਜਿਸ ਨੇ ਇੰਦਰੀਆਂ ਤੇ ਮਨ ਨੂੰ ਜਿੱਤ ਲਿਆ ਹੈ, ਆਰਾਮ ਵਿਚ ਆਪ ਤਪ ਦੀ ਜੋ ਅਰਾਧਨਾ ਕਰਦਾ ਹੈ, ਜੋ ਤਪ ਪਿਛਲੇ ਕੀਤੇ ਕਰਮਾਂ ਰੂਪੀ ਪਰਬਤ ਨੂੰ ਤੋੜਨ ਵਿਚ ਇੰਦਰ

ਦੇ ਵੱਜਰ ਦੀ ਤਰ੍ਹਾਂ ਹੈ, ਜੋ ਤਪ ਕਾਮ ਵਾਸਨਾ ਰੂਪੀ ਚੰਗਿਆੜੀ ਜੋ ਸਾਰੇ ਸੰਸਾਰੀ ਜੀਵਾਂ ਦੇ ਦੁੱਖਾਂ ਦਾ ਕਾਰਨ ਹੈ, ਉਸ ਨੂੰ ਬੁਝਾਉਣ ਵਿਚ ਪਾਣੀ ਦੀ ਤਰ੍ਹਾਂ ਹੈ। ਜੋ ਤਪ ਇੰਦਰੀਆਂ ਕਾਰਨ ਪੈਦਾ ਹੋਏ ਵਿਸ਼ੇ ਵਿਕਾਰਾਂ ਦੇ ਸਮੂਹ, ਜੋ ਸੱਪ ਦੀ ਤਰ੍ਹਾਂ ਜ਼ਹਿਰੀਲਾ ਹੈ, ਉਸ ਸਮੂਹ ਨੂੰ ਸ਼ਾਂਤ ਕਰਨ ਵਿਚ ਮਹਾਂਮੰਤਰ ਦੀ ਤਰ੍ਹਾਂ ਹੈ। ਜੋ ਤਪ ਕਸ਼ਟਾਂ ਦੇ ਸਮੂਹ ਹਨੇਰੇ ਦਾ ਨਾਸ਼ ਕਰਨ ਵਿਚ ਚੜ੍ਹਦੇ ਸੂਰਜ ਦੀ ਤਰ੍ਹਾਂ ਹੈ।

ਜੋ ਤਪ ਲੱਛਮੀ ਰੂਪੀ ਵੇਲ ਦੀ ਜੜ ਦੀ ਤਰ੍ਹਾਂ ਹੈ। ਇਸ ਲਈ ਆਗਮ ਵਿਚ ਆਖੇ ਤਪ ਕਰਨੇ ਚਾਹੀਦੇ ਹਨ।

(82)

ਉਹ ਤਪ ਦੀ ਮਹਿਮਾ ਆਖੀ ਨਹੀਂ ਜਾ ਸਕਦੀ ਕਿਉਂਕਿ ਤਪ ਨਾਲ ਕਸ਼ਟਾਂ ਦੀ ਪਰੰਪਰਾ ਦਾ ਖ਼ਾਤਮਾ ਹੁੰਦਾ ਹੈ। ਤਪ ਕਾਰਨ ਦੇਵਤਾ ਸੇਵਕ ਬਣ ਜਾਂਦੇ ਹਨ। ਕਾਮ ਦੇਵ ਇੱਕ ਤਰ੍ਹਾਂ ਦਾ ਸੇਵਕ ਬਣ ਜਾਂਦਾ ਹੈ। ਭਾਵ ਤਪਸਵੀ ਦਾ ਕਾਮ ਵਾਸ਼ਨਾ ਗੁਣ ਸਮਾਪਤ ਹੋ ਜਾਂਦਾ ਹੈ। ਇੰਦਰੀਆਂ ਦੇ ਸਮੂਹ ਖ਼ਾਤਮੇ ਨੂੰ ਪ੍ਰਾਪਤ ਹੁੰਦਾ ਹੈ। ਕਲਿਆਣ ਦਾ ਵਿਸਥਾਰ ਹੁੰਦਾ ਹੈ।

ਤਪ ਅੱਠ ਕਰਮਾਂ (ਗਿਆਨਾਵਰਨੀਆ, ਦਰਸ਼ਨਾਵਰਨੀਆ, ਮੋਹਣੀਆ, ਬੇਦਨੀਆ, ਆਯੂ, ਨਾਮ, ਗੋਤਰ, ਅੰਤਰਾਇ) ਦੇ ਸਮੂਹ ਦਾ ਖ਼ਾਤਮਾ ਕਰਦਾ ਹੈ। ਇਸ ਨਾਲ ਸਵਰਗ ਜਾਂ ਮੋਕਸ਼ ਰੂਪੀ ਲੱਛਮੀ ਆਪਣੇ ਅਧੀਨ ਹੋ ਜਾਂਦੀ ਹੈ।

(83)

ਜਿਵੇਂ ਹਰੇ ਭਰੇ ਜੰਗਲ ਨੂੰ ਜਲਾਉਣ ਵਿਚ ਜੰਗਲ ਦੀ ਅੱਗ ਤੋਂ ਬਿਨਾਂ ਹੋਰ ਕੋਈ ਚਾਲਕ ਨਹੀਂ। ਅੱਗ ਨੂੰ ਬੁਝਾਉਣ ਲਈ ਬੱਦਲਾਂ ਦੀ ਵਰਖਾ ਦਾ ਮਹੱਤਵ ਹੈ, ਬੱਦਲਾਂ ਦਾ ਖ਼ਾਤਮਾ ਕਰਨ ਵਿਚ ਹਵਾ ਸਮਰੱਥ ਹੈ, ਇਸੇ ਪ੍ਰਕਾਰ ਕਰਮਾਂ ਦੇ ਸਮੂਹ ਦਾ ਖ਼ਾਤਮਾ ਕਰਨ ਵਿਚ ਤਪ ਨੂੰ ਛੱਡ ਕੇ ਹੋਰ ਕੋਈ ਸਮਰੱਥ ਨਹੀਂ।

(84)

ਇਹ ਤਪ ਰੂਪੀ ਮਹਾਨ ਦਰਖ਼ਤ ਹੀ ਹੈ ਸੰਤੋਖ ਇਸ ਦੀ ਜੜ ਹੈ। ਖਿਮਾ ਇਸ ਦੀ ਰੱਖਿਆ ਕਰਦੀ ਹੈ। ਅਚਾਰੰਗ ਆਦਿ 12 ਅੰਗ ਇਸ ਦੇ ਮੋਢੇ ਹਨ। ਪੰਜ ਇੰਦਰੀਆਂ ਦੇ ਵਿਸ਼ੇ ਆਦਿ ਤੇ ਕਾਬੂ ਇਸ ਦੀਆਂ ਟਾਹਣੀਆਂ ਹਨ। ਪ੍ਰਕਾਸ਼ਮਾਨ ਅਭੇ ਦਾਨ (ਰਹਿਮ ਦਿਲੀ) ਜਿਸ ਦੇ ਪੱਤੇ ਹਨ, ਵਿਨੈ ਆਦਿ ਗੁਣ ਇਸ ਦੇ ਨਵੇਂ ਜੰਮੇ ਪੱਤੇ ਹਨ, ਬ੍ਰਹਮਚਰਜ ਇਸ ਦੇ ਨਵੇਂ ਕੋਮਲ ਪੱਤੇ ਹਨ। ਸ਼ਰਧਾ ਰੂਪੀ ਪਾਣੀ ਨਾਲ ਜਿਸ ਨੂੰ ਸਿੰਜਿਆ ਗਿਆ ਹੈ। ਜਿਸ (ਤਪ ਰੂਪੀ ਦਰਖ਼ਤ) ਦਾ ਕੁਲ, ਸ਼ਕਤੀ, ਸੁੰਦਰਤਾ ਫੈਲੀ ਹੋਈ ਹੈ।

ਜਿਸ ਤਪ ਰੂਪੀ ਦਰਖ਼ਤ ਦੇ ਸਵਰਗ ਆਦਿ ਫੁੱਲ ਹਨ। ਮੋਕਸ਼ ਫਲ ਦੇਣ ਵਾਲਾ ਹੈ। ਅਜਿਹੇ ਤਪ ਰੂਪੀ ਦਰਖ਼ਤ ਦੀ ਭਾਵ ਪੂਰਵਕ ਅਰਾਧਨਾ ਕਰਨੀ ਚਾਹੀਦੀ ਹੈ।

(85)

ਸ਼ੁਭ ਭਾਵਨਾ ਦਾ ਮਹੱਤਵ :

ਸ਼ੁਭ ਭਾਵਨਾ ਦੇ ਬਿਨਾਂ ਸੁਪਾਤਰਦਾਨ, ਜਿਨੇਂਦਰ ਪੂਜਾ ਭਗਤੀ, ਤਪ, ਸ਼ਾਸਤਰ ਪਾਠ ਆਦਿ ਕਿਰਿਆਵਾਂ ਬੇਕਾਰ ਹਨ (ਫਲ ਰਹਿਤ ਹਨ) ਜਿਵੇਂ ਰਾਗ (ਭੋਗ) ਤੋਂ ਮੁਕਤ ਆਦਮੀ ਲਈ ਸੁੰਦਰ ਇਸਤਰੀ ਰਾਹੀਂ ਕੀਤੀ ਕਾਮ ਵਾਸਨਾ ਦਾ ਇਸ਼ਾਰਾ ਬੇਕਾਰ ਹੁੰਦਾ ਹੈ। ਦਾਨ ਤੋਂ ਰਹਿਤ, ਸਵਾਮੀ ਦੀ ਕੀਤੀ ਸੇਵਾ ਵੀ ਕਸ਼ਟ ਦਾ ਕਾਰਨ ਹੈ। ਪੱਥਰਾਂ ਤੇ ਕਮਲਾਂ ਦੀ ਉਤਪਤੀ ਦੀ ਇੱਛਾ ਕਰਨ ਦੀ ਤਰ੍ਹਾਂ ਬੇਕਾਰ ਹੈ। ਪਹਾੜ ਤੇ ਪਈ ਵਰਖਾ ਦਾ ਹੋਣਾ ਬੇਕਾਰ ਹੈ, ਕਿਉਂਕਿ ਪਾਣੀ ਪੈਣ ਤੇ ਵੀ ਪਥਰੀਲੀ ਜ਼ਮੀਨ ਤੇ ਬੀਜ ਹਰਾ ਨਹੀਂ ਹੁੰਦਾ।

ਇਸੇ ਤਰ੍ਹਾਂ ਸ਼ੁਭ ਭਾਵ ਤੋਂ ਬਿਨਾ ਕੀਤਾ ਸਾਰਾ ਧਾਰਮਿਕ ਕੰਮ ਬੇਕਾਰ ਹਨ।

(86 )

ਜੋ ਮਨੁੱਖ ਸਭ ਪਦਾਰਥਾਂ ਨੂੰ ਜਾਨਣ ਦੀ ਇੱਛਾ ਕਰਦਾ ਹੈ, ਉਹ ਪੁੰਨ ਰੂਪ ਸ਼ੁਭ ਭਾਵ ਦੀ ਇੱਛਾ ਕਰਦਾ ਹੈ ਤਾਂ ਉਹ ਦਿਆ

ਧਾਰਨ ਦੀ ਇੱਛਾ ਵੀ ਕਰਦਾ ਹੈ। ਜਿਸ ਨਾਲ ਪਾਪ ਦਾ ਖ਼ਾਤਮਾ ਕਰਦਾ ਹੈ। ਦਿਆਲੂ ਕਲਿਆਣ ਦੇ ਸਮੂਹ ਨੂੰ ਪ੍ਰਾਪਤ ਕਰਨ ਦੀ ਇੱਛਾ ਕਰਦਾ ਹੈ। ਸੰਸਾਰ ਰੂਪੀ ਸਮੁੰਦਰ ਦੇ ਕਿਨਾਰੇ ਨੂੰ ਪ੍ਰਾਪਤ ਕਰਨ ਦੀ ਇੱਛਾ ਕਰਦਾ ਹੈ। ਮੋਕਸ਼ ਰੂਪੀ ਲੱਛਮੀ ਨੂੰ ਆਪਣੀਆਂ ਬਾਹਾਂ ਵਿਚ ਭਰਦਾ ਹੈ। ਇਸ ਲਈ ਅਸ਼ੁਭ ਭਾਵ ਛੱਡ ਕੇ ਸ਼ੁਭ ਭਾਵਾਂ ਵੱਲ ਵੱਧਣਾ ਚਾਹੀਦਾ ਹੈ।

ਸੱਮਿਅਕਤਵ ਨਾਲ ਸ਼ੁਭ ਭਾਵਾਂ ਨੂੰ ਕਰਨਾ ਚਾਹੀਦਾ ਹੈ ਕਿਉਂਕਿ ਮਿੱਥਿਆਤਵ ਪੂਰਵਕ ਜੋ ਭਾਵ ਹੁੰਦੇ ਹਨ, ਉਹ ਸਭ ਪਾਪ ਬੰਧਨ ਦੇ ਕਾਰਨ ਹਨ, ਸੰਸਾਰ ਦੇ ਜਨਮ ਮਰਨ ਵਿਚ ਵਾਧਾ ਕਰਨ ਵਾਲੇ ਹਨ। ਇਸ ਲਈ ਸ਼ੁਭ ਭਾਵਾਂ ਵਿਚ ਆਪਣੀ ਆਤਮਾ ਨੂੰ ਲਾਉਣਾ ਚਾਹੀਦਾ ਹੈ।

(87)

ਹੇ ਤਰਨਯੋਗ ਪ੍ਰਾਣੀਓ ! ਸ਼ੁਭ ਭਾਵਨਾ ਦਾ ਸੇਵਨ ਕਰੋ। ਦੂਸਰੇ ਕਸ਼ਟ ਦਾ ਇੱਕ ਕੰਮ, ਜੋ ਸ਼ੁਭ ਭਾਵਨਾਵਾਂ ਤੋਂ ਰਹਿਤ ਹਨ, ਉਹਨਾਂ ਦਾ ਕੀ ਲਾਭ ਹੈ ? ਇਸ ਲਈ ਕਰਨਯੋਗ, ਨਾ ਕਰਨ ਯੋਗ ਕੰਮ ਵਿਚਾਰ ਰੂਪੀ ਜੰਗਲ ਨੂੰ ਸਿੰਜਣ ਵਾਲੀ ਨਹਿਰ ਦੀ ਤਰ੍ਹਾਂ ਹੈ। ਉਪਸੁਮ (ਕਰਮ ਖਾਤਮੇ) ਸੁੱਖ ਨੂੰ ਦੇਣ ਵਾਲੀ ਸੰਜੀਵਨੀ ਅਤੇ ਸੰਸਾਰ ਸਮੁੰਦਰ ਪਾਰ ਕਰਾਉਣ ਵਾਲੀ ਵਿਸ਼ਾਲ ਕਿਸ਼ਤੀ ਦੀ ਤਰ੍ਹਾਂ ਹੈ। ਇਹ ਸ਼ੁਭ ਭਾਵਨਾ ਕਾਮ ਰੂਪੀ ਅੱਗ ਦਾ ਨਾਸ਼ ਕਰਨ ਵਿਚ ਬੱਦਲਾਂ ਦੀ ਤਰ੍ਹਾਂ ਹੈ। ਚੰਚਲ ਇੰਦਰੀਆਂ ਰੂਪੀ ਹਿਰਨ ਨੂੰ ਕਾਬੂ ਕਰਨ ਵਿਚ ਜਾਲ ਦੀ ਤਰ੍ਹਾਂ ਹੈ। ਬੜੇ ਵਿਸਥਾਰ ਵਾਲੇ ਕਸ਼ਾਇ ਰੂਪੀ ਪਰਬਤ ਨੂੰ ਚੀਰਨ ਵਿਚ ਬੱਜਰ ਦੀ ਤਰ੍ਹਾਂ ਇਹ ਸ਼ੁਭ ਭਾਵ ਹੈ, ਮੋਕਸ਼ ਰੂਪੀ ਰਾਹ ਤੇ ਚੱਲਣ ਵਿਚ ਸ਼ੁਭ ਭਾਵ ਪੱਖਚਰ ਦੀ ਤਰ੍ਹਾਂ ਭਾਰ ਢੋਂਦੇ ਹਨ। ਇਸ ਲਈ ਸ਼ੁਭ ਭਾਵਨਾਵਾਂ ਨੂੰ ਧਾਰਨ ਕਰੋ।

(88)

ਸੱਮਿਅਕਤਵ ਦਾ ਮਹੱਤਵ :

ਬਹੁਤ ਸਾਰਾ ਧਨ ਸੁਪਾਤਰਾਂ ਨੂੰ ਦਿੱਤ, ਸੰਪੂਰਨ ਜਿਨ ਬਾਣੀ ਦਾ ਅਭਿਆਸ ਕੀਤਾ। ਖ਼ਤਰਨਾਕ ਕ੍ਰਿਆਕਾਂਡ ਕੀਤੇ। ਵਾਰ ਵਾਰ ਭੂਮੀ ਤੇ ਸੁੱਤੇ। ਸਖ਼ਤ ਤਪ ਦੀ ਭੱਠੀ ਵਿਚ ਆਤਮਾ ਨੂੰ ਤਪਾਇਆ। ਮਨ ਵਿਚ ਸੱਮਿਅਕ ਦਰਸ਼ਨ ਰੂਪ ਸ਼ੁਭ ਭਾਵ ਨਾ ਆਇਆ ਤਾਂ ਕੀਤੇ ਸਭ ਕਰਮ ਇਸੇ ਤਰ੍ਹਾਂ ਹਨ ਜਿਵੇਂ ਛਿਲਕਾ ਸਾਰ ਰਹਿਤ ਹੋ ਕੇ ਹਵਾ ਵਿਚ ਉਡ ਜਾਂਦਾ ਹੈ। ਉਸੇ ਪ੍ਰਕਾਰ ਸੱਮਿਅਕਤਵ ਰਹਿਤ ਕਰਮ ਤੇ ਤਪ ਦਾ ਹਾਲ ਹੁੰਦਾ ਹੈ।

(89)

ਵੈਰਾਗ ਦਾ ਮਹੱਤਵ :

ਹੇ ਮੁਨੀ ! ਉਸ ਵੈਰਾਗ ਨੂੰ ਵਿਚਾਰ, ਜਿਸ ਦੇ ਪੈਦਾ ਹੋਣ ਤੇ ਸੰਸਾਰ ਵਿਚ ਜਨਮ, ਮੌਤ, ਬੁਢਾਪਾ ਆਦਿ ਦਾ ਡਰ ਨਸ਼ਟ ਹੋ ਜਾਵੇਗਾ। ਤੂੰ ਭੈ ਰਹਿਤ ਹੋ ਜਾ। ਜੋ ਵੈਰਾਗ ਅਸ਼ੁਭ ਕਰਮ ਰੂਪੀ ਧੂੜ ਨੂੰ ਧੋਣ ਵਿਚ ਪਾਣੀ ਦੀ ਤਰ੍ਹਾਂ ਹੈ, ਇੰਦਰੀਆਂ ਰੂਪੀ ਨੌਜਵਾਨ ਹਾਥੀ ਨੂੰ ਵੱਸ ਕਰਨ ਵਿਚ ਅੰਕੁਸ਼ ਦਾ ਕੰਮ ਵੈਰਾਗ ਕਰਦਾ ਹੈ। ਕੁਸ਼ਲਤਾ ਰੂਪੀ ਫੁੱਲਾਂ ਦਾ ਬਾਗ ਵੈਰਾਗ ਹੈ। ਪਾਗਲ ਮਨ ਰੂਪੀ ਬਾਂਦਰ ਨੂੰ ਬੰਨ੍ਹਣ ਵਿਚ ਇਹ ਵੈਰਾਗ ਸੰਗਲ ਦਾ ਕੰਮ ਕਰਦਾ ਹੈ। ਮੁਕਤੀ ਰੂਪੀ ਇਸਤਰੀ ਦੀ ਲੀਲਾ (ਖੇਡ) ਦਾ ਘਰ ਹੈ। ਕਾਮ ਦੇਵ ਰੂਪੀ ਬੁਖਾਰ ਉਤਾਰਨ ਵਿਚ ਦਵਾਈ ਦੀ ਤਰ੍ਹਾਂ ਵੈਰਾਗ ਹੈ। ਸ਼ਕਤੀ ਦੇ ਰਾਹ ਤੇ ਚੱਲਣ ਵਾਲੇ ਜੀਵਾਂ ਲਈ ਰਥ ਦੀ ਤਰ੍ਹਾਂ ਹੈ। ਇਸ ਲਈ ਸੰਸਾਰ ਭਰਮਣ ਦਾ ਕਾਰਨ ਵੈਰਾਗ ਹੀ ਹੈ। ਵੈਰਾਗ ਦੇ ਹੋਣ ਤੇ ਹੀ ਇਹ ਜੀਵ ਕਰਮਾਂ ਨੂੰ ਜਲਾਉਣ ਵਿਚ ਸਮਰੱਥ ਹੁੰਦਾ ਹੈ ਅਤੇ ਸੰਸਾਰ ਦਾ ਖ਼ਾਤਮਾ ਕਰ ਦਿੰਦਾ ਹੈ।

(90)

ਜਿਵੇਂ ਤੇਜ ਹਵਾ ਦਾ ਚੱਲਣਾ ਬੱਦਲਾਂ ਨੂੰ ਅਖੀਰਲੇ ਪਾਸੇ ਲੈ ਜਾਂਦਾ ਹੈ। ਅੱਗ ਦਰਖ਼ਤਾਂ ਦੇ ਸਮੂਹਦਾਨਾਂ ਨੂੰ ਵਿਨਾਸ਼ ਵੱਲ ਲੈ ਜਾਂਦੀ ਹੈ। ਸੂਰਜ ਦਾ ਪਰਛਾਵਾਂ ਜਿਵੇਂ ਹਨੇਰੇ ਦੇ ਸਮੂਹ ਦਾ ਖ਼ਾਤਮਾ ਕਰਾ ਦਿੰਦਾ ਹੈ। ਜਿਵੇਂ ਬੱਜਰ ਵਿਸ਼ਾਲ ਪਰਬਤਾਂ ਦਾ ਖ਼ਾਤਮਾ ਕਰ ਦਿੰਦਾ ਹੈ, ਉਸੇ ਤਰ੍ਹਾ ਕਰਮ ਸਮੂਹ ਦਾ ਵਿਨਾਸ਼ ਵੈਰਾਗ ਕਰ ਦਿੰਦਾ ਹੈ।

(91)

ਜੇ ਮਾਨਵ ਦੇ ਮਨ ਵਿਚ ਵੈਰਾਗ ਪੈਦਾ ਹੁੰਦਾ ਹੈ, ਉਸ ਨੂੰ ਦੇਵਤੇ ਨਮਸਕਾਰ ਕਰਦੇ ਹਨ। ਇਹ ਵੈਰਾਗ ਮੁਕਤੀ ਰੂਪੀ ਸੁੱਖ ਦਾ ਦੇਣ ਵਾਲਾ ਹੁੰਦਾ ਹੈ। ਜਦ ਵੈਰਾਗ ਉਤਪੰਨ ਹੁੰਦਾ ਹੈ ਤਾਂ ਮਨੁੱਖ ਗੁਰੂਆ ਦੇ ਚਰਨਾਂ ਦੀ ਸੇਵਾ ਕਰਨ ਲਈ ਉਤਾਵਲਾ ਹੁੰਦਾ ਹੈ। ਤਪ ਕਰਨ ਵਿਚ ਸਾਹਮਣੇ ਆਉਂਦਾ ਹੈ, ਜਿਸ ਤਪ ਕਾਰਨ ਜੀਵ ਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ, ਇਸ ਲਈ ਗੁਣੀ ਲੋਕਾਂ ਨੂੰ ਉਪਾਸਨਾ, ਸੇਵਾ ਕਰਨੀ ਚਾਹੀਦੀ ਹੈ। ਜੰਗਲ ਵਿਚ ਕੀਤੀ ਸੇਵਾ ਵੀ ਮੁਕਤੀ ਦੇਣ ਵਾਲੀ ਹੁੰਦੀ ਹੈ।

ਜੋ ਭੈੜੇ (ਰਾਗ ਦੇਵਤਾ) ਮਿੱਥਿਆ ਦਰਸ਼ਨ ਰੂਪੀ ਰਾਗ ਅਤੇ ਕਰੋਧ ਆਦਿ ਕਸ਼ਾਇ ਰੂਪੀ ਦਵੇਸ਼ ਹੈ, ਇਹਨਾਂ ਦੋਸ਼ਾਂ ਦਾ ਨਾਸ਼ ਕਰਨ ਵਿਚ ਵੈਰਾਗ ਚਤੁਰ ਹੈ ਭਾਵ ਵੈਰਾਗੀ ਆਤਮਾ ਰਾਗ ਦਵੇਸ਼ ਆਦਿ ਤੋਂ ਉਤਪੰਨ ਦੋਸ਼ਾਂ ਦਾ ਵਿਨਾਸ਼ ਕਰ ਸਕਣ ਵਿਚ ਸਮਰੱਥ ਹੈ।

(92)

<u>ਰਾਗ ਦਵੇਸ਼ ਛੱਡਣ ਦਾ ਫਲ</u> :

ਜੋ ਮਨੁੱਖ ਸੰਸਾਰ, ਸਰੀਰ, ਭੋਗਾਂ ਵਿਚ ਨਹੀਂ ਫਸਿਆ, ਉਸ ਇੱਛਾ ਰਹਿਤ ਮਨੁੱਖ ਨੂੰ ਛੇਤੀ ਹੀ ਮੁਕਤੀ ਰੂਪੀ ਲੱਛਮੀ ਪ੍ਰਾਪਤ ਹੁੰਦੀ ਹੈ।

ਪੰਜ ਇੰਦਰੀਆਂ ਦੇ ਵਿਸ਼ੇ (ਸ਼ਬਦ, ਰਸ, ਗੰਧ, ਸਪਰਸ਼, ਵਰਨ) ਆਦਿ ਜੋ ਇੰਦਰੀਆਂ ਦੇ ਵਿਸ਼ੇ ਹਨ, ਉਹਨਾਂ ਨੂੰ ਕਾਲੇ ਸੱਪ ਦੀ ਤਰ੍ਹਾਂ ਜਾਣ ਕੇ ਮੋਹ ਤਿਆਗ ਦਿੰਦਾ ਹੈ।

ਅਜਿਹਾ ਜਾਣ ਕੇ ਜੋ ਮਾਤਾ ਪਿਤਾ, ਰਿਸ਼ਤੇਦਾਰਾਂ ਨੂੰ ਸੰਸਾਰ ਬੰਧਨ ਦਾ ਕਾਰਨ ਜਾਣ ਕੇ ਪੰਜ ਇੰਦਰੀਆਂ ਦੇ ਵਿਸ਼ੇ ਨੂੰ ਜ਼ਹਿਰ ਮਿਲੀ ਮਠਿਆਈ ਦੀ ਤਰ੍ਹਾਂ ਸੰਪਤੀ ਨੂੰ ਰਾਗ ਦੀ ਤਰ੍ਹਾਂ, ਇਸਤਰੀਆਂ ਨੂੰ ਸੜੇ ਹੋਏ ਘਾਹ ਦੀ ਤਰ੍ਹਾਂ ਸਮਝ ਕੇ ਉਹਨਾਂ ਵਿਚ ਨਹੀਂ ਫਸਦਾ, ਉਹ ਜੀਵ ਰਾਗ ਦਵੇਸ਼ ਰਹਿਤ ਹੋ ਕੇ ਕਸ਼ਟ ਰਹਿਤ ਹੋ ਕੇ ਮੋਕਸ਼ ਰੂਪੀ ਲੱਛਮੀ ਨੂੰ ਪ੍ਰਾਪਤ ਕਰਦਾ ਹੈ।

(93)

ਜੀਵਨ ਦਾ ਸਾਰ :

ਮਨੁੱਖ ਜੀਵਨ ਰੂਪੀ ਦਰਖ਼ਤ ਦਾ ਫਲ ਹੈ, ਜਿਨ ਭਗਵਾਨ ਦੀ ਪੂਜਾ, ਗੁਰੂਆਂ ਦੀ ਉਪਾਸਨਾ, ਸਭ ਪ੍ਰਾਣੀਆਂ ਪ੍ਰਤੀ ਦਿਆ ਕਰਨਾ, ਸੁਪਾਤਰ ਨੂੰ ਦਾਨ ਕਰਨਾ, ਗੁਣਾਂ ਦੇ ਪ੍ਰਤੀ ਪਿਆਰ ਕਰਨਾ, ਆਗਮ ਸੁਣਨਾ, ਇਹ ਸਭ ਮਨੁੱਖੀ ਜਨਮ ਰੂਪੀ ਦਰਖ਼ਤ ਦੇ ਫਲ ਹਨ, ਇਹੋ ਮਾਨਵ ਜੀਵਨ ਦਾ ਸਾਰ ਹੈ।

(94)

ਤਿੰਨ ਸਮੇਂ ਅਰਿਹੰਤ ਭਗਵਾਨ ਦੀ ਭਗਤੀ ਕਰਨੀ ਚਾਹੀਦੀ ਹੈ। ਇਸ ਨਾਲ ਕੀਰਤੀ ਵਿਚ ਵਾਧਾ ਹੁੰਦਾ ਹੈ। ਜੋ ਧਨ ਤੁਸੀਂ ਇਮਾਨਦਾਰੀ ਨਾਲ ਕਮਾਇਆ ਹੈ ਉਸ ਨੂੰ ਸੁਪਾਤਰ ਰੂਪ ਖੇਤ ਵਿਚ ਬੀਜ ਦੇਵੋ। ਫਿਰ ਮਨ ਨੂੰ ਪਰਿਗ੍ਰਹਿ ਤੇ ਹਿੰਸਾ ਆਦਿ ਪਾਪਾਂ ਤੋਂ ਰੋਕ ਕੇ ਠੀਕ ਰਾਹ ਤੇ ਲੈ ਆਵੋ।

ਕਾਮ, ਕਰੋਧ, ਮਾਨ, ਮਾਇਆ ਤੇ ਲੋਭ ਆਦਿ ਦੁਸ਼ਮਣ ਦਾ ਨਾਸ਼ ਕਰੋ। ਹਰ ਪ੍ਰਾਣੀ ਤੇ ਦਿਆ ਕਰੋ।

ਜਿਨੇਂਦਰ ਭਗਵਾਨ ਰਾਹੀਂ ਆਖੇ ਆਗਮ ਸਿਧਾਂਤ ਨੂੰ ਸੁਣ ਕੇ ਉਪਰ ਆਖੇ ਸਾਰੇ ਕੰਮ ਸੰਪੂਰਨ ਕਰੋ।

ਫਿਰ ਮੋਕਸ਼ ਰੂਪੀ ਲੱਛਮੀ ਨਾਲ ਸ਼ਾਦੀ ਆਪਣੇ ਆਪ ਹੋ ਜਾਵੇਗੀ।

(95)

ਹੇ ਸ਼ਰਧਾਵਾਨ ਮਾਨਵ ! ਜੋ ਸਭ ਜੀਵਾਂ ਨੂੰ ਪਿਆਰੀ ਹੈ, ਸੁੱਖ ਨੂੰ ਹੱਥ ਵਿਚ ਭਰਨ ਵਾਲੀ ਹੈ, ਉਸ ਵੀਤਰਾਗ ਪ੍ਰਭੂ ਦੇ ਚ ਰਨਾਂ ਦੀ ਭਗਤੀ ਕਰਕੇ ਸਾਧੂ ਪੁਰਸ਼ਾਂ ਨੂੰ ਨਮਸਕਾਰ ਕਰੋ। ਫਿਰ ਆਗਮਾਂ ਦੇ ਗੂੜ੍ਹ ਗਿਆਨ ਨੂੰ ਜਾਣੋ। ਮਿੱਥਿਆਤਵੀ (ਅਧਰਮੀ) ਦੀਆਂ ਸੰਗਤਾਂ ਤਿਆਗੋ। ਸੁਪਾਤਰ ਨੂੰ ਭੋਜਨ, ਦਵਾ, ਗਿਆਨ, ਸ਼ਾਸਤਰ ਭੈ-ਮੁਕਤੀ ਅਤੇ ਨਰਮ ਭੂਪਰਕਰਨ ਦਾਨ ਦੇਵੋ।

ਜੋ ਹਿੰਸਾ ਆਦਿ ਤੋਂ ਪਰੇ ਹਨ ਅਤੇ ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਾਰਿੱਤਰ ਦੇ ਧਾਰਕ ਹਨ, ਉਹਨਾਂ ਦੀ ਸੰਗਤ ਕਰੋ। ਅੰਦਰ ਸਥਿਤ ਮਿੱਥਿਆਤਵ ਅਸੰਜਮ, ਕਰੋਧ ਆਦਿ ਕਸ਼ਾਇ ਦੁਸ਼ਮਣਾ ਨੂੰ ਕੋਸ਼ਿਸ਼ ਨਾਲ ਜਿੱਤ ਕੇ ਪੰਜ ਪਰਮੇਸਟੀ ਮੰਤਰ (ਅਰਿਹੰਤ, ਸਿੱਧ, ਆਚਾਰਿਆ, ਉਪਾਧਿਆ, ਸਾਧੂ) ਦਾ ਧਿਆਨ ਕਰੋ, ਜਿਸ ਨਾਲ ਤੁਹਾਨੂੰ ਅੰਤਮ ਪਦਵੀ ਮੋਕਸ਼ ਦੀ ਪ੍ਰਾਪਤੀ ਹੋਵੇ।

(96)

ਹੇ ਤਰੁਣ ਇੱਛੁਕ ਪ੍ਰਾਣੀਓ ! ਨਿਆਂ ਵਾਲੇ ਮਾਰਗ ਤੇ ਉਸੇ ਤਰ੍ਹਾਂ ਚੱਲਣਾ ਚਾਹੀਦਾ ਹੈ ਜਿਵੇਂ ਚਾਰੇ ਦਿਸ਼ਾਵਾਂ ਵਿਚ ਚੰਦਰਮਾ ਛੋਟੀ ਭਾਈ ਦੀ ਤਰ੍ਹਾਂ ਪ੍ਰਕਾਸ਼ ਫੈਲਾਉਂਦਾ ਹੈ। ਸੂਰਜ ਜਨਮ ਦੇਣ ਵਾਲੀ ਮਾਂ ਦੀ ਤਰ੍ਹਾਂ ਗੁਣ ਰੂਪੀ ਸੰਤਾਨ ਦੀ ਗੁਣ ਸ਼੍ਰੇਣੀ ਵਿਚ ਵਾਧਾ ਵਿਸਥਾਰ ਨੂੰ ਪ੍ਰਾਪਤ ਹੁੰਦਾ ਹੈ। ਨਿਆਂ ਮਾਰਗ ਤੇ ਚੱਲਣ ਨਾਲ ਪਾਪ ਕਰਮਾਂ ਦਾ ਖ਼ਾਤਮਾ ਕਰਨ ਵਿਚ ਪੂਰਨ ਸਮਰੱਥ ਹੁੰਦਾ ਹੈ। ਉਹ ਧਰਮ ਵਿਚ ਵਾਧਾ

ਕਰਦਾ ਹੈ। ਇਸ ਲਈ ਮਨੁੱਖ ਨਿਆਂ ਮਾਰਗ ਤੇ ਚੱਲੇ, ਜਿਸ ਨਾਲ ਨਾ ਪ੍ਰਾਪਤ ਯੋਗ ਵਸਤਾਂ ਵੀ ਪ੍ਰਾਪਤ ਹੁੰਦੀਆਂ ਹਨ।

(97)

ਹੱਥਾਂ ਵਿਚ ਪਾਏ ਗਹਿਣੇ ਗਹਿਣੇ ਨਹੀਂ, ਹੱਥ ਦਾ ਗਹਿਣਾ ਨਿਆਂ ਰਾਹੀਂ ਕਮਾਏ ਧਨ ਵਿਚੋਂ ਕੀਤਾ ਦਾਨ ਹੈ।

ਮੱਥੇ ਤੇ ਕਲਗੀ (ਗਹਿਣਾ) ਬੇਕਾਰ ਹੈ। ਇਹ ਮੱਥਾ ਗੁਰੂਆਂ ਦੇ ਚਰਨਾਂ ਵਿਚ ਝੁਕ ਜਾਵੇ, ਤਾਂ ਇਹੋ ਸੱਚਾ ਗਹਿਣਾ ਹੈ।

ਮੁੱਖ ਦਾ ਸ਼ਿਗਾਰ ਪਾਨ ਨਹੀਂ। ਮੁੱਖ ਦਾ ਸ਼ਿੰਗਾਰ ਸੱਚ ਬੋਲਣਾ ਹੈ, ਸੱਚ ਬੋਲਣਾ ਮੁੱਖ ਦਾ ਗਹਿਣਾ ਹੈ।

ਕੰਨਾਂ ਦਾ ਸ਼ਿੰਗਾਰ ਕੁੰਡਲ ਨਹੀਂ। ਕੰਨਾਂ ਦਾ ਸ਼ਿੰਗਾਰ ਸ਼ਾਸਤਰਾਂ ਦਾ ਸੁਣਨਾ ਹੈ। ਛਾਤੀ ਦਾ ਹਾਰ ਗਲੇ ਦਾ ਗਹਿਣਾ ਨਹੀਂ। ਛਾਤੀ ਦਾ ਹਾਰ ਕਪਟ ਰਹਿਤ ਬੁੱਧੀ ਹੈ। ਬਾਂਹ ਦਾ ਗਹਿਣਾ ਫੁੱਲਾਂ ਦੀ ਮਾਲਾ ਨਹੀਂ, ਦੋਵੇਂ ਬਾਹਾਂ ਦਾ ਗਹਿਣਾ ਹੌਸਲੇ ਨਾਲ ਕਰਮ ਦੁਸ਼ਮਣਾਂ ਨੂੰ ਜਿੱਤ ਕੇ ਜਿੱਤ ਦਾ ਝੰਡਾ ਲਹਿਰਾਉਣਾ ਹੈ, ਨਾ ਕਿ ਬਾਹਾਂ ਵਿਚ ਪਹਿਨੇ ਬਾਜੂਬੰਦ ਹਨ।

(98)

ਹੇ ਤਰਨਹਾਰ ਗਿਆਨੀ ਪੁਰਸ਼ੋ ! ਜੇ ਤੁਸੀਂ ਸੰਸਾਰ ਰੂਪੀ ਜੰਗਲ ਤੋਂ ਪਾਰ ਹੋਣਾ ਚਾਹੁੰਦੇ ਹੋ, ਮੋਕਸ਼ ਨਗਰ ਵਿਚ ਪ੍ਰਵੇਸ਼ ਚਾਹੁੰਦੇ ਹੋ, ਪੰਜ ਇੰਦਰੀਆਂ ਦੇ ਵਿਸ਼ੇ ਰੂਪੀ ਦਰਖ਼ਤ ਤੇ ਨਿਵਾਸ ਨਾ ਕਰੋ। ਇਸ ਦਰਖ਼ਤ ਦੀ ਛਾਂ ਮੋਹ ਵਿਚ ਵਾਧਾ ਕਰਨ ਵਾਲੀ ਹੈ, ਜਿਸ ਕਾਰਨ ਕੋਈ ਇੱਕ ਪੈਰ ਵਾਲਾ ਰਸਤਾ ਚੱਲਣ ਵਿਚ ਅਸਮਰਥ ਹੁੰਦਾ ਹੈ, ਪਰ ਉਹ ਇੱਕ ਇੰਦਰੀਆਂ ਜੂਨ ਵਿਚ ਪੈਦਾ ਹੁੰਦਾ ਹੈ।

(99)

<u>ਗ੍ਰੰਥ ਅਤੇ ਗ੍ਰੰਥਕਾਰ ਦੀ ਜਾਣਕਾਰੀ</u> :

ਜਿਵੇਂ ਚੰਦਰਮਾ ਦੀ ਰੋਸ਼ਨੀ ਤੇ ਸੂਰਜ ਦਾ ਪ੍ਰਕਾਸ਼ ਹਨੇਰੇ ਦਾ ਖ਼ਾਤਮਾ ਕਰਦਾ ਹੈ, ਨਾਲ ਹੀ ਚਿੱਕੜ ਨੂੰ ਸੁਕਾ ਦਿੰਦਾ ਹੈ, ਉਸੇ ਤਰ੍ਹਾਂ ਸਿੰਦੂਰ ਪ੍ਰਕਰਣ ਗ੍ਰੰਥ ਨੂੰ ਦਿਨ ਰਾਤ ਪੜ੍ਹਨ ਤੇ ਵਿਚਾਰ ਕਰਨ ਨਾਲ ਮਿੱਥਿਆਤਵ ਅਤੇ ਅਗਿਆਨ ਹਨ੍ਹੇਰੇ ਦਾ ਪੱਕਾ ਖ਼ਾਤਮਾ ਕਰਕੇ, ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਾਰਿੱਤਰ ਦਾ ਪ੍ਰਕਾਸ਼ ਹੋਣ ਲੱਗ ਜਾਂਦਾ ਹੈ। ਜਿਸ ਨਾਲ ਪਾਪ ਰੂਪੀ ਚਿੱਕੜ ਨਸ਼ਟ ਹੋ ਜਾਂਦਾ ਹੈ।

(100)

ਉਸ ਆਚਾਰਿਆ ਸੋਮਪ੍ਰਭਵ ਦੇਵ ਨਾਉਂ ਦੇ ਮੁਨੀਰਾਜ, ਜੋ ਅਜਿੱਤ ਦੇਵ ਆਚਾਰਿਆ ਦੀ ਧਰਮ ਗੱਦੀ ਤੇ ਬਿਰਾਜਮਾਨ ਸਨ। ਇਸ ਸੁਕਤ ਮੁਕਤਾਵਲੀ ਗ੍ਰੰਥ ਜੋ ਕਿ ਇੱਕ ਸਿੱਪੀ ਤੋਂ ਉਤਪੰਨ ਹੋਣ ਵਾਲੇ ਮੋਤੀ ਦੀ ਸ਼ੋਭਾ ਨੂੰ ਪ੍ਰਾਪਤ ਹੋ ਰਿਹਾ ਹੈ। ਇਸ ਗ੍ਰੰਥ ਦੀ ਰਚਨਾ ਕੀਤੀ।

ਉਹ ਆਚਾਰਿਆ ਵਿਜੇ ਸਿੰਘ ਆਚਾਰਿਆ ਦੇ ਚਰਨਾਂ ਵਿਚ ਭੌਰੇ ਦੀ ਤਰ੍ਹਾਂ ਸਨ ਅਰਥਾਤ ਉਨ੍ਹਾਂ ਦੇ ਚਰਨਾਂ ਦਾ ਧਿਆਨ ਕਰਦੇ ਸਨ।